


ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ੁੱਕਰਵਾਰ, 14 ਫਰਵਰੀ 2025

Email:- lokbani08@gmail.com




R. N. I. Punpun/29016/2008 ✶ ਸਾਲ 16 , ✶ ਅੰਕ : 242, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111




## ਮੋਦੀ ਵੱਲੋਂ ਸਪੇਸਐਕਸ ਦੇ ਸੀਈਓ ਮਸਕ ਨਾਲ ਮੁਲਾਕਾਤ

ਵਾਸ਼ਿੰਗਟਨ, ਲੋਕ ਬਾਣੀ- ਅਮਰੀਕਾ ਦੇ ਦੌਰੇ 'ਤੇ ਇਥੇ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸਪੇਸਐਕਸ ਦੇ ਸੀਈਓ ਐਲਨ ਮਸਕ ਨਾਲ ਮੁਲਾਕਾਤ ਕੀਤੀ। ਮੰਨਿਆ ਜਾ ਰਿਹਾ ਹੈ ਕਿ ਦੋਵੇਂ ਆਗੂਆਂ ਨੇ ਕਈ ਮੁੱਦਿਆਂ ਬਾਰੇ ਗੱਲਬਾਤ ਕੀਤੀ ਜਿਸ 'ਚ ਪੁਲਾੜ, ਗਤੀਸ਼ੀਲਤਾ, ਤਕਨੀਕ ਅਤੇ ਨਵੀਆਂ ਖੋਜਾਂ ਦੇ ਖੇਤਰ 'ਚ ਭਾਰਤ ਅਤੇ ਅਮਰੀਕਾ ਵਿਚਕਾਰ



ਸਹਿਯੋਗ ਵਧਾਉਣਾ ਸ਼ਾਮਲ ਹੈ। ਮਸਕ ਆਪਣੇ ਤਿੰਨ ਬੱਚਿਆਂ ਨਾਲ ਬਲੇਅਰ ਹਾਊਸ ਪੁੱਜੇ ਸਨ

## ਭਾਰਤ ਨੂੰ ਪਰਸਪਰ ਟੈਰਿਫ ਤੋਂ ਛੋਟ ਨਹੀਂ ਦੇਵੇਗਾ ਅਮਰੀਕਾ

ਵਾਸ਼ਿੰਗਟਨ ਲੋਕ ਬਾਣੀ-ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਮਗਰੋਂ ਐਲਾਨ ਕੀਤਾ ਕਿ ਭਾਰਤ ਵਪਾਰਕ ਘਾਟੇ ਅਮਰੀਕਾ ਤੋਂ ਵਧੇਰੇ ਤੇਲ,ਗੈਸ ਅਤੇ 6-35 ਲੜਾਕੂ ਜਹਾਜ਼ਾਂ ਸਣੇ ਫ਼ੌਜੀ ਸਾਜ਼ੋ ਸਾਮਾਨ ਖਰੀਦੇਗਾ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਤੋਂ ਬਾਅਦ ਐਲਾਨ ਕੀਤਾ ਕਿ ਭਾਰਤ ਵਪਾਰਕ ਘਾਟੇ ਨੂੰ ਘਟਾਉਣ ਲਈ



ਅਮਰੀਕਾ ਤੋਂ ਹੋਰ ਤੇਲ, ਗੈਸ ਅਤੇ 6-35 ਲੜਾਕੂ ਜਹਾਜ਼ਾਂ ਸਣੇ ਫੌਜੀ ਹਾਰਡਵੇਅਰ ਖਰੀਦੇਗਾ। ਟਰੰਪ ਨੇ ਹਾਲਾਂਕਿ ਜ਼ੋਰ ਦੇ ਕੇ ਆਖਿਆ ਕਿ ਵਾਸ਼ਿੰਗਟਨ ਨਵੀਂ ਦਿੱਲੀ ਨੂੰ ਪਰਸਪਰ ਟੈਰਿਫ ਤੋਂ ਨਹੀਂ ਬਖਸ਼ੇਗਾ।

## ਮਨੀਪੁਰ 'ਚ ਰਾਸ਼ਟਰਪਤੀ ਰਾਜ ਲਾਗੂ

ਨਵੀਂ ਦਿੱਲੀ ਲੋਕ ਬਾਣੀ-ਮੁੱਖ ਮੰਤਰੀ ਐੱਨ ਬੀਰੇਨ ਸਿੰਘ ਵੱਲੋਂ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਚਾਰ ਦਿਨਾਂ ਮਗਰੋਂ ਹਿੰਸਾ ਦੇ ਝੰਬੇ ਮਨੀਪੁਰ 'ਚ ਅੱਜ ਰਾਸ਼ਟਰਪਤੀ ਰਾਜ ਲਗਾ ਦਿੱਤਾ ਗਿਆ ਹੈ। ਉੱਤਰ ਪੂਰਬੀ ਸੂਬੇ 'ਚ ਸਿਆਸੀ ਬੇਯਕੀਨੀ ਦੇ ਮਾਹੌਲ ਦੌਰਾਨ ਹੀ ਵਿਧਾਨ ਸਭਾ ਨੂੰ ਮੁਅੱਤਲ ਰੱਖਿਆ ਗਿਆ ਹੈ ਜਦਕਿ ਵਿਧਾਨ ਸਭਾ ਦੀ ਮਿਆਦ 2027 ਤੱਕ ਹੈ। ਰਾਜਪਾਲ



ਅਜੈ ਕੁਮਾਰ ਭੱਲਾ ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਰਿਪੋਰਟ ਭੇਜੇ ਜਾਣ ਮਗਰੋਂ ਉਥੇ ਕੇਂਦਰੀ ਰਾਜ ਲਾਗੂ ਕਰਨ ਦਾ ਫ਼ੈਸਲਾ ਲਿਆ ਗਿਆ।

## ਸੁਪਰੀਮ ਕੋਰਟ ਵੱਲੋਂ ਮੇਘਾਲਿਆ 'ਵਰਸਿਟੀ ਭੰਗ ਕਰਨ ਦੇ ਹੁਕਮ

ਨਵੀਂ ਦਿੱਲੀ ਲੋਕ ਬਾਣੀ- ਸੁਪਰੀਮ ਕੋਰਟ ਨੇ ਅੱਜ ਮੇਘਾਲਿਆ 'ਚ ਚੰਦਰ ਮੋਹਨ ਝਾਅ (ਸੀਐੱਮਜੇ) ਯੂਨੀਵਰਸਿਟੀ ਨੂੰ ਮਾੜੇ ਪ੍ਰਬੰਧਾਂ ਤੇ ਕਈ ਹੋਰ ਕਮੀਆਂ ਕਾਰਨ ਬੰਦ ਕਰਨ ਦੇ ਸੂਬਾ ਸਰਕਾਰ ਦੇ 2014 ਦੇ ਫ਼ੈਸਲੇ ਨੂੰ ਬਰਕਰਾਰ ਰਖਦਿਆਂ ਇਸ ਨੂੰ ਭੰਗ ਕਰਨ ਦਾ ਹੁਕਮ ਦਿੱਤਾ ਹੈ। ਜਸਟਿਸ ਪੀਐੱਸ ਨਰਸਿਮਹਾ ਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਚਾਂਸਲਰ ਦੀ ਨਿਯੁਕਤੀ ਲਈ ਸੀਐੱਮਜੇ ਯੂਨੀਵਰਸਿਟੀ ਐਕਟ ਦੀ ਧਾਰਾ 14 (1) ਤਹਿਤ ਨਿਰਧਾਰਤ ਪ੍ਰਕਿਰਿਆ ਦਾ ਪੂਰੀ ਤਰ੍ਹਾਂ ਪਾਲਣ



ਨਹੀਂ ਕੀਤਾ ਗਿਆ। ਬੈਂਚ ਨੇ ਕਿਹਾ, 'ਸੀਐੱਮਜੇ ਯੂਨੀਵਰਸਿਟੀ ਦੇ ਚਾਂਸਲਰ ਦੀ ਨਿਯੁਕਤੀ ਨੂੰ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਵੱਲੋਂ ਕਾਨੂੰਨ ਦੀ ਨਜ਼ਰ 'ਚ ਅਵੈਧ ਐਲਾਨਿਆ ਗਿਆ ਸੀ

## ਪੁਲੀਸ ਵੱਲੋਂ ਅਧਿਆਪਕਾਂ ਦੀ ਖਿੱਚ-ਧੂਹ

ਚੰਡੀਗੜ੍ਹ, ਲੋਕ ਬਾਣੀ ਯੂਟੀ ਦੇ ਸਰਕਾਰੀ ਸਕੂਲਾਂ ਦੀ ਅਧਿਆਪਕ ਜਥੇਬੰਦੀ ਜੁਆਇੰਟ ਟੀਚਰਜ਼ ਐਸੋਸੀਏਸ਼ਨ ਦੇ ਚੇਅਰਮੈਨ ਦੀ ਬਦਲੀ ਖ਼ਿਲਾਫ਼ ਅੱਜ ਅਧਿਆਪਕ ਯੂਟੀ ਸਕੱਤਰੇਤ ਵਿੱਚ ਇਕੱਠੇ ਹੋਏ ਤੇ ਅਧਿਆਪਕ ਆਗੂ ਦੀ ਇਕਤਰਫਾ ਸ਼ਿਕਾਇਤ 'ਤੇ ਬਦਲੀ ਕਰਨ ਖ਼ਿਲਾਫ ਰੋਸ ਪ੍ਰਗਟਾਇਆ। ਇਸ ਮੌਕੇ ਪ੍ਰਸ਼ਾਸਕ ਦੇ ਸਲਾਹਕਾਰ ਨੂੰ ਮੰਗ ਪੱਤਰ ਦੇਣ ਜਾਂਦੇ ਅਧਿਆਪਕਾਂ ਨਾਲ ਸਬੰਧਤ ਖੇਤਰ ਦੇ ਐਸਐੱਚਓ ਵਲੋਂ



ਧੱਕਾਮੁੱਕੀ ਕੀਤੀ ਗਈ ਜਿਸ ਖ਼ਿਲਾਫ ਅਧਿਆਪਕਾਂ ਨੇ ਰੋਸ ਪ੍ਰਗਟਾਇਆ। ਅਧਿਆਪਕ ਆਗੂਆਂ ਨੇ ਕਿਹਾ ਕਿ ਸ਼ਿਕਾਇਤ ਕਰਨ ਦੇ ਆਧਾਰ 'ਤੇ ਜਾਂਚ ਕਮੇਟੀ ਬਣਾਈ ਗਈ ਹੈ

## ਡਿੱਗੇ ਦਰੱਖ਼ਤ ਅਤੇ ਟੁੱਟੀ ਸੜਕ ਕਾਰਨ ਲੋਕ ਪ੍ਰੇਸ਼ਾਨ

ਧੂਰੀ ਲੋਕ ਬਾਣੀ- ਦੋਹਲੇ ਵਾਲੇ ਫਾਟਕਾਂ ਕੋਲ ਪੈਂਦੀ ਨਹਿਰੀ ਵਿਭਾਗ ਦੀ ਨਰਸਰੀ ਨਾਲ ਜਾਂਦੇ ਰਜਵਾਹੇ 'ਤੇ ਲੰਮੇ ਸਮੇਂ ਤੋਂ ਇੱਕ ਸਫੈਦੇ ਦਾ ਦਰੱਖ਼ਤ ਰਜਵਾਹੇ ਦੇ ਦੋਵੇਂ ਕੰਢਿਆਂ 'ਤੇ ਡਿੱਗਣ ਕਾਰਨ ਆਉਣ-ਜਾਣ ਵਾਲਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ। ਇਸ ਸਬੰਧੀ ਜੰਗਲਾਤ ਵਿਭਾਗ ਦੇ ਅਧਿਕਾਰੀ ਹਰਦੀਪ ਸਿੰਘ ਨੇ ਕਿਹਾ ਕਿ ਮੌਕਾ



ਵੇਖ ਕੇ ਇਸ ਟੁੱਟ ਚੁੱਕੇ ਦਰੱਖ਼ਤ ਨੂੰ ਛੇਤੀ ਹੀ ਚੁੱਕਵਾ ਲਿਆ ਜਾਵੇਗਾ।

## ਵਿਜੀਲੈਂਸ ਬਿਊਰੋ ਵੱਲੋਂ ਏਐੱਸਆਈ ਤੇ ਉਸ ਦਾ ਸਾਥੀ ਰਿਸ਼ਵਤ ਲੈਂਦੇ ਕਾਬੂ

ਅੰਮ੍ਰਿਤਸਰ, ਲੋਕ ਬਾਣੀ- ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਇੱਥੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏਐੱਸਆਈ) ਗੁਰਮੀਤ ਕੌਰ ਅਤੇ ਉਸ ਦੇ ਸਾਥੀ ਹਰਪ੍ਰੀਤ ਸਿੰਘ ਨੂੰ 40,000 ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਕਿਹਾ ਕਿ ਮੁਲਜ਼ਮਾਂ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਬਾਬਾ ਬਕਾਲਾ ਦੇ ਪਿੰਡ ਵਜ਼ੀਰ ਭੁੱਲਰ ਦੇ ਵਾਸੀ ਸਿਕੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ



ਨੇ ਵਿਜੀਲੈਂਸ ਬਿਊਰੋ ਕੋਲ ਕੀਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਕਿ ਏਐੱਸਆਈ ਵੱਲੋਂ ਜਾਂਚ ਕੀਤੇ ਜਾ ਰਹੇ ਪੁਲੀਸ ਕੇਸ ਵਿੱਚ ਉਸ ਦੀ (ਸ਼ਿਕਾਇਤਕਰਤਾ), ਉਸ ਦੇ ਪਿਤਾ ਅਤੇ ਭਰਾ ਦਾ ਪੱਖ ਲੈਣ ਬਦਲੇ 1,50,000 ਰੁਪਏ ਦੀ ਰਿਸ਼ਵਤ ਮੰਗੀ ਗਈ ਸੀ।

## ਹਾਦਸੇ ਵਿੱਚ ਮੋਟਰਸਾਈਕਲ ਸਵਾਰ ਦੀ ਮੌਤ

ਲਹਿਰਾਗਾਗਾ, ਲੋਕ ਬਾਣੀ --ਲਹਿਰਾਗਾਗਾ ਸੁਨਾਮ ਮੁੱਖ ਸੜਕ 'ਤੇ ਬੀਤੀ ਸ਼ਾਮ ਵਾਪਰੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਦੀ ਪਛਾਣ ਨੰਦ ਲਾਲ ਪੁੱਤਰ ਸੁਰੇਸ਼ ਕੁਮਾਰ ਵਾਸੀ ਲਹਿਰਾਗਾਗਾ ਵਜੋਂ ਹੋਈ ਹੈ ਜਿਸ ਨੂੰ ਰਾਹਗੀਰਾਂ ਨੇ ਸਿਵਲ ਹਸਪਤਾਲ ਲਿਜਾ ਕੇ ਦਾਖਲ ਕਰਵਾਇਆ। ਇਥੇ ਉਸ ਦੀ ਗੰਭੀਰ ਹਾਲਤ ਵੇਖ ਕੇ ਡਾਕਟਰਾਂ ਨੇ ਪਟਿਆਲਾ ਭੇਜ ਦਿੱਤਾ। ਪਟਿਆਲਾ ਹਸਪਤਾਲ ਵਿੱਚ ਵਿੱਚ ਅੱਜ ਨੰਦ ਲਾਲ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਜ਼ਖ਼ਮੀ ਨੰਦ ਲਾਲ ਦੇ ਰਿਸ਼ਤੇਦਾਰ ਪਾਲਾ ਰਾਮ ਅਨੁਸਾਰ ਨੰਦ ਲਾਲ ਪਟਰੌਲ



ਪੰਪ ਤੋਂ ਸ਼ਹਿਰ ਵੱਲ ਦਿਵਾਈ ਲੈਣ ਲਈ ਮੋਟਰਸਾਈਕਲ 'ਤੇ ਗਿਆ ਸੀ ਤੇ ਹਾਲੇ ਉਹ ਥੋੜ੍ਹਾ ਦੂਰ ਹੀ ਗਿਆ ਸੀ ਕਿ ਇੱਕ ਜਗਾੜੂ ਰੇਹੜੀ ਨਾਲ ਉਸ ਦੀ ਟੱਕਰ ਹੋ ਗਈ।




ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 9915594111

www.lokbani
lokbani08@gmail.com

# ਜਲੰਧਰ 'ਚ JDA ਪੁਡਾ ਦੇ SDO ਵਿਰੁੱਧ ਵਿਜੀਲੈਂਸ ਨੂੰ ਸ਼ਿਕਾਇਤ, ਕਰੋੜਾਂ ਰੁਪਏ ਦਾ ਚੂਨਾ ਲਗਾਉਣ ਦਾ ਦੋਸ਼




(ਲੋਕ ਬਾਣੀ)) ਜਲੰਧਰ ਵਿੱਚ ਜੇਡੀਏ ਦੇ ਐਸਡੀਓ ਵਿਰੁੱਧ ਵਿਜੀਲੈਂਸ ਸ਼ਿਕਾਇਤ, ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਪਹੁੰਚਾਉਣ ਦਾ ਦੋਸ਼

ਜਲੰਧਰ ਵਿਕਾਸ ਅਥਾਰਟੀ (ਜੇਡੀਏ) ਦੇ ਐਸਡੀਓ ਵਿਰੁੱਧ ਵਿਜੀਲੈਂਸ ਬਿਊਰੋ ਵਿੱਚ ਕਾਲੋਨੀ ਨੂੰ ਗੈਰ-ਕਾਨੂੰਨੀ ਢੰਗ ਨਾਲ ਕੱਟਣ ਅਤੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਪਹੁੰਚਾਉਣ ਦੀ ਸ਼ਿਕਾਇਤ ਪ੍ਰਾਪਤ ਹੋਈ ਹੈ। ਸ਼ਿਕਾਇਤ ਤੋਂ ਬਾਅਦ, ਵਿਜੀਲੈਂਸ ਬਿਊਰੋ ਨੇ ਐਸਡੀਓ ਅਤੇ ਸ਼ਿਕਾਇਤਕਰਤਾ, ਆਰਟੀਆਈ ਕਾਰਕੁਨ ਸਿਮਰਨਜੀਤ ਸਿੰਘ ਨੂੰ ਤਲਬ ਕੀਤਾ ਹੈ।

ਜਾਣਕਾਰੀ ਅਨੁਸਾਰ, ਆਰਟੀਆਈ ਕਾਰਕੁਨ ਸਿਮਰਨਜੀਤ ਸਿੰਘ ਨੇ ਜਲੰਧਰ ਦੇ ਵਡਾਲਾ ਚੌਂਕ ਨੇੜੇ ਨਕੋਦਰ ਰੋਡ 'ਤੇ ਇੱਕ ਕਲੋਨੀ ਬਾਰੇ ਸ਼ਿਕਾਇਤ ਕੀਤੀ ਸੀ। ਸਿਮਰਨਜੀਤ ਸਿੰਘ ਅਨੁਸਾਰ, ਉਕਤ ਕਲੋਨੀ ਨੂੰ ਗਲਤ ਢੰਗ ਨਾਲ ਨਿਯਮਤ ਕੀਤਾ ਗਿਆ ਸੀ ਅਤੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਸੀ।

ਕਰੋੜਾਂ ਰੁਪਏ ਦਾ ਨੁਕਸਾਨ ਹੋਇਆ

ਆਰਟੀਆਈ ਕਾਰਕੁਨ ਅਨੁਸਾਰ, ਜੇਡੀਏ ਦੇ ਐਸਡੀਓ ਖੇਤਰ ਵਿੱਚ ਆਉਣ ਵਾਲੀ ਇਸ ਕਲੋਨੀ ਨੂੰ ਗਲਤ ਢੰਗ ਨਾਲ ਪਾਸ ਕਰਕੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ, ਜਿਸ ਕਾਰਨ ਉਸਨੇ ਵਿਜੀਲੈਂਸ ਬਿਊਰੋ ਨੂੰ ਸ਼ਿਕਾਇਤ ਕੀਤੀ।

ਵਿਜੀਲੈਂਸ ਵੱਲੋਂ ਸੰਮਨ ਭੇਜੇ ਗਏ

ਵਿਜੀਲੈਂਸ ਬਿਊਰੋ ਨੇ ਇਸ ਸਬੰਧ ਵਿੱਚ ਸੰਮਨ ਜਾਰੀ ਕਰਦੇ ਹੋਏ ਸਿਮਰਨਜੀਤ ਸਿੰਘ ਨੂੰ 13 ਫਰਵਰੀ ਨੂੰ ਆਪਣਾ ਬਿਆਨ ਅਤੇ ਸਬੂਤ ਦੇਣ ਲਈ ਤਲਬ ਕੀਤਾ ਹੈ। ਇਸ ਦੇ ਨਾਲ ਹੀ, ਇਸ ਸਬੰਧ ਵਿੱਚ ਐਸਡੀਓ ਦਾ ਜਵਾਬ ਅਜੇ ਤੱਕ ਨਹੀਂ ਆਇਆ ਹੈ। ਜੇਕਰ ਤੁਸੀਂ ਆਪਣੀ ਫੀਡਬੈਕ ਦੇਣਾ ਚਾਹੁੰਦੇ ਹੋ, ਤਾਂ ਤੁਸੀਂ 9815700 974 'ਤੇ ਵਟਸਐਪ ਕਰ ਸਕਦੇ ਹੋ

# ਜਾਅਲੀ ਸਰਟੀਫਿਕੇਟ ਨਾਲ ਪੰਜਾਬ ਪੁਲਿਸ ਵਿੱਚ ਨੌਕਰੀ ਕਰਨ ਦਾ ਪਰਦਾਫਾਸ਼




(ਲੋਕ ਬਾਣੀ)) ਜਾਅਲੀ ਸਰਟੀਫਿਕੇਟ ਦੀ ਮਦਦ ਨਾਲ ਪੰਜਾਬ ਪੁਲਿਸ ਵਿੱਚ ਨੌਕਰੀ ਪ੍ਰਾਪਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਗੱਲ ਪੰਜਾਬ ਸਕੂਲ ਸਿੱਖਿਆ ਬੋਰਡ (♦♥52) ਵਿੱਚ ਸਰਟੀਫਿਕੇਟਾਂ ਦੀ ਤਸਦੀਕ ਦੌਰਾਨ ਸਾਹਮਣੇ ਆਈ। ਜਾਂਚ ਤੋਂ ਬਾਅਦ, ਪੰਜਾਬ ਸਕੂਲ ਸਿੱਖਿਆ ਬੋਰਡ ਨੇ ਉਕਤ ਵਿਅਕਤੀ ਨੂੰ ਆਪਣੇ ਰਿਕਾਰਡ ਵਿੱਚ ਬਲੈਕਲਿਸਟ ਕਰ ਦਿੱਤਾ ਹੈ। ਸਰਟੀਫਿਕੇਟ ਜ਼ਬਤ ਕਰ ਲਿਆ ਗਿਆ ਹੈ। ਨਾਲ ਹੀ, ਬੋਰਡ ਨੇ ਇਸ ਸਬੰਧ ਵਿੱਚ ਆਪਣੀ ਰਿਪੋਰਟ ਪੁਲਿਸ ਨੂੰ ਭੇਜ ਦਿੱਤੀ ਹੈ। ਹੁਣ ਇਸ ਸਬੰਧੀ ਪੁਲਿਸ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਜਾਣਕਾਰੀ ਅਨੁਸਾਰ ਇਹ ਸਰਟੀਫਿਕੇਟ ਪੁਲਿਸ ਵੱਲੋਂ ਜਾਂਚ ਲਈ ਭੇਜਿਆ ਗਿਆ ਸੀ। ਸਰਟੀਫਿਕੇਟ ਦਸਵੀਂ ਜਮਾਤ ਦਾ ਸੀ ਅਤੇ ਲੁਧਿਆਣਾ ਜ਼ਿਲ੍ਹੇ ਦਾ ਸੀ। ਜਦੋਂ ♦♥52 ਵੱਲੋਂ ਇਸਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਸਾਲ 2014 ਵਿੱਚ ♦♥52 ਵੱਲੋਂ ਇਹ ਰੋਲ ਨੰਬਰ ਮਨਪ੍ਰੀਤ ਸਿੰਘ ਨਾਮ ਦੇ ਕਿਸੇ ਵੀ ਵਿਦਿਆਰਥੀ ਨੂੰ ਜਾਰੀ ਨਹੀਂ ਕੀਤਾ ਗਿਆ ਸੀ। ਜਿਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਰਟੀਫਿਕੇਟ ਜਾਅਲੀ ਹੈ।

# ਕਿਉਂ ਖੋਹੀ ਗਿਆਨੀ ਹਰਪ੍ਰੀਤ ਸਿੰਘ ਜੀ ਕੋਲੋਂ ਜਥੇਦਾਰੀ ?



(ਲੋਕ ਬਾਣੀ)) ਕੱਲ ਸ਼੍ਰੋਮਣੀ ਕਮੇਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਇੱਕ ਵਾਰ ਫਿਰ ਲਿਫਾਫੇ ਚੋਂ ਨਿੱਕਲੇ ਆਰਡਰ ਨੂੰ ਪਾਸ ਕਰਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਝੱਟਕਾ ਦਿੰਦੇ ਜਥੇਦਾਰੀ ਦੀਆਂ ਸੇਵਾਵਾਂ ਖ਼ਤਮ ਕਰ ਦੇਣ ਬਾਅਦ ਹਰਜਿੰਦਰ ਸਿੰਘ ਧਾਮੀ ਮਿੰਟ ਚ ਰਫ਼ੂਚੱਕਰ ਹੋ ਗਏ ਤੇ ਏ ਦੱਸ ਗਏ ਕਿ ਉਹ ਵਾਕਿਆ ਹੀ ਵਫ਼ਾਦਾਰ ਨੇ ਆਪਣੇ ਆਕਾ ਦੇ। ਜ਼ਿਕਰੇ ਜੋਗ ਹੈ ਧਾਮੀ ਵੱਡੇ ਬਾਦਲ ਦੇ ਭੋਗ ਤੇ ਏ ਬੋਲੇ ਸੀ ਕਿ ਬਾਦਲ ਉਹਨਾਂ ਨੂੰ ਵੱਡੇ ਪੁੱਤਰ ਵਾਂਗ ਹੀ ਮੰਨਦਾ ਸੀ। ਤੇ ਨਾਲ ਏ ਵੀ ਬੋਲਿਆ ਮੇਰੇ ਛੋਟੇ ਵੀਰ ਸੁਖਬੀਰ ਦਾ ਮੈਂ ਧੰਨਵਾਦ ਕਰਦਾ ਜਿਹਨਾਂ ਮੇਰੀ ਵਫ਼ਾਦਾਰੀ ਦੇਖਦੇ ਮੈਂਨੂੰ ਸ਼੍ਰੋਮਣੀ ਕਮੇਟੀ ਦੀ ਜਿੰਮੇਵਾਰੀ ਦਿੰਦੇ ਪ੍ਰਧਾਨਗੀ ਦਿੱਤੀ ਹੈ। ਹੁਣ ਤੁਸੀਂ ਦਸੋ ਇਹੋ ਜਿਹਾ ਬੰਦਾ ਕਿਸਦੇ ਕਹੇ ਏ ਵੱਡਾ ਫ਼ੈਸਲਾ ਕੱਲ ਅੰਦਰ ਵਿਰੋਧ ਹੋਣ ਤੋਂ ਬਾਅਦ ਵੀ ਕਰ ਗਿਆ। ਤੇ ਇੱਕ ਵਾਰ ਫਸੀਲ ਦੇ ਹੁਕਮ ਨੂੰ ਬੋਸ ਵਾਂਗ ਟਿੱਚ ਸਮਝਿਆ ਕਿਉਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਐਕਸ਼ਨ ਨਹੀਂ ਹੋਇਆ ? ਇਥੋਂ ਸਾਫ ਹੀ ਹੈ ਚੋਰ ਕੁੱਤੀ ਰਲੇ ਹੋਏ ਹਨ। ਪਰ ਸ਼੍ਰੀ ਅਕਾਲ ਤੱਖਤ ਸਾਹਿਬ ਜੀ ਦੀ ਮਰਿਯਾਦਾ ਤੇ ਨਾ ਚੱਲ ਕੇ ਇਹਨਾਂ ਸੁਧਾਰ ਲਹਿਰ ਵਾਲਿਆਂ ਦਾ ਦੋਸ਼ ਆਪਣੇ ਤੇ ਜੜ ਲਿਆ ਕਿ ਏ ਸ਼੍ਰੀ ਅਕਾਲ ਤੱਖਤ ਸਾਹਿਬ ਤੋਂ ਭਗੋੜਾ ਹੋ ਚੁੱਕੇ ਨੇ। ਅੱਜ 7 ਮੈਂਬਰੀ ਕਮੇਟੀ ਜੋ ਫਸੀਲ ਤੋਂ ਬਣਾਈ ਗਈ ਹੈ ਉਸ ਦੀ ਅੱਜ ਮੀਟਿੰਗ ਹੈ। ਉਸ ਵਿੱਚ ਜੋ ਬਾਦਲ ਖੇਮੇ ਵਲੋਂ ਭਰਤੀ ਕੀਤੀਆਂ ਹਨ ਗਿਆਨੀ ਹਰਪ੍ਰੀਤ ਸਿੰਘ ਉਸ ਵਿੱਚ ਰੋੜਾ ਸਨ ਤਾਂ ਖੋਹੀ ਜਥੇਦਾਰੀ ?ਹੋ ਸੱਕਦਾ ਹੁਣ ਉਹ ਮੀਟਿੰਗ ਵੀ ਰੱਦ ਕਰ ਦੇਣ . ਪਰ ਏ ਫੈਸਲੇ ਬਾਅਦ ਵੱਖਰੇ ਵੱਖਰੇ ਪੰਥਕ ਆਗੂਆਂ ਨੇ ਕਿਹਾ ਏ ਸਿੱਧਾ ਹਮਲਾ ਫਸੀਲ ਤੋਂ ਸੁਣਾਏ ਹੁਕਮਾਂ ਤੇ ਹੋ ਰਿਹਾ। ਜਦਕਿ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਕਿਹਾ ਮੈਂਨੂੰ 6 ਦਸੰਬਰ ਨੂੰ ਪੱਤਾ ਲੱਗ ਗਿਆ ਸੀ। ਅਗਲੀ ਰਣਨੀਤੀ ਬਾਰੇ ਹਾਲੇ ਕੋਈ ਖੁਲਾਸਾ ਨਹੀਂ ਕੀਤਾ। ਉੱਥੇ ਵਿਦੇਸ਼ ਗਏ ਜਾਂ ਭੇਜੇ ਗਿਆਨੀ ਰਘਬੀਰ ਸਿੰਘ ਜੀ ਦਾ ਕੋਈ ਪ੍ਰਤੀਕਰਮ ਹਾਲੇ ਨਹੀਂ ਆਇਆ। ਪੰਥਕ ਹਲਕਿਆ ਵਿੱਚੋ ਹਰਪ੍ਰੀਤ ਸਿੰਘ ਜੀ ਦਾ ਕਹਿਣਾ ਕਿ 80% ਆਗੂ ਮੇਰੇ ਹੱਕ ਵਿੱਚ ਹਨ। ਹੁਣ ਅਗਲੇ ਦਿਨ ਦੱਸਣਗੇ ਕਿ ਭਰਤੀ, ਜਾਂ ਜਥੇਦਾਰ ਨੂੰ ਹਟਾਣਾ ਵਰਗੇ ਮਸਲੇ ਤੇ ਕੀ ਐਕਸ਼ਨ ਹੁੰਦਾ ਹੈ।

# ਅੱਧੀ ਰਾਤ ਹੋਇਆ ਭਿਆਨਕ ਹਾਦਸਾ ? 2ਨੌਜਵਾਨਾਂ ਦੀ ਮੌਤ !



(ਲੋਕ ਬਾਣੀ)) ਅੱਧੀ ਰਾਤ ਵਾਪਰ ਗਏ ਵੱਡੇ ਸੜਕ ਹਾਦਸੇ ਵਿੱਚ 2, ਨੌਜਵਾਨ ਮਾਰੇ ਗਏ। ਮਿਲੀਆਂ ਰਿਪੋਰਟ ਅਨੁਸਾਰ ਕਿਸੇ ਰੇੜੀ ਤੋਂ ਕੁੱਛ ਖਾ ਜਦੋਂ ਏ ਨੌਜਵਾਨ ਐਕਟਿਵਾ ਤੇ ਘਰ ਜਾਣ ਲਈ ਮੁੜੇ ਪਿੱਛੋਂ ਤੇਜ਼ ਰਫਤਾਰ ਆ ਰਹੀ ਪੰਜਾਬ ਰੋਡਵੇਜ ਦੀ ਬੱਸ ਨੇ ਇਹਨਾਂ ਨੂੰ ਦੱਰੜ ਦਿੱਤਾ ਜਿਸ ਪਿੱਛੋਂ ਇੱਕ ਨੌਜਵਾਨ ਮੌਕੇ ਤੇ ਹੀ ਜਹਾਨ ਛੱਡ ਗਿਆ ਤੇ ਦੂਜੇ ਨੂੰ ਹਸਪਤਾਲ ਲੈ ਕੇ ਗਏ ਉਸ ਦੀ ਵੀ ਮੌਤ ਹੋ ਗਈ। ਜਿਸ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਤੇ ਮਾਤਮ ਛਾ ਗਿਆ। ਦੋਨੋਂ ਨੌਜਵਾਨ ਕੁੰਵਾਰੇ ਤੇ ਬਹੁਤ ਕਾਬਿਲ ਦੱਸੇ ਜਾ ਰਹੇ ਹਨ। ਹੁਣ ਦੇਖਣਾ ਹੋਏਗਾ ਬੱਸ ਡਰਾਇਵਰ ਤੇ ਕੀ ਕਾਰਵਾਈ ਹੁੰਦੀ ਹੈ।

# ਦੁਨੀਆਂ ਭਰ 'ਚ ਪਹਿਲੀ ਵਾਰ 'ਮੇਲਾ ਗੀਤਕਾਰਾਂ ਦਾ' 22 ਫ਼ਰਵਰੀ ਨੂੰ ਪੰਜਾਬੀ ਭਵਨ ਲੁਧਿਆਣਾ 'ਚ

ਲੁਧਿਆਣਾ(ਲੋਕ ਬਾਣੀ) ਮੇਲਾ ਗੀਤਕਾਰਾਂ ਦਾ22 ਫ਼ਰਵਰੀ 2025 ਦਿਨ ਸ਼ਨੀਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖ਼ੇ ਸਵੇਰ ਦੇ 11 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ! ਵਿਸ਼ਵ ਪੰਜਾਬੀ ਗੀਤਕਾਰ ਪਰਿਵਾਰ ਅਤੇ ਪੰਜਾਬੀ ਗੀਤਕਾਰ ਮੰਚ (ਰਜਿ:) ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਹਿਯੋਗ ਅਤੇ ਸਮੂਹ ਗੀਤਕਾਰਾਂ ਵੱਲੋਂ ਕੀਤੇ ਸਾਂਝੇ ਉਪਰਾਲੇ ਸਦਕਾ ਇਸ ਮੇਲੇ ਵਿੱਚ ਪੰਜਾਬ ਦੇ ਲੱਗਭਗ 1000 ਤੋਂ ਉੱਪਰ ਗੀਤਕਾਰਾਂ ਦੇ ਪੁੱਜਣ ਦੀ ਸੰਭਾਵਨਾ ਹੈ !ਗੀਤਕਾਰਾਂ ਦੇ ਇਸ ਮੇਲੇ ਵਿੱਚ ਪੰਜਾਬ ਦੇ ਨਾਮੀ ਗੀਤਕਾਰਾਂ ਤੋਂ ਇਲਾਵਾ ਨਵੇਂ ਗੀਤਕਾਰ ਅਤੇ ਓਹ ਗੀਤਕਾਰ ਜਿਹਨਾਂ ਦੇ ਗੀਤ ਤਾਂ ਵੱਡੇ ਵੱਡੇ ਕਲਾਕਾਰਾਂ ਦੀ ਆਵਾਜ਼ ਵਿੱਚ ਸੁਣੇ ਹਨ ਪਰ ਅਸੀਂ ਕਦੇ ਓਹਨਾਂ ਨੂੰ ਦੇਖਿਆ ਨਹੀਂ ਓਹ ਸਾਰੇ ਗੀਤਕਾਰ ਵੀ ਆਪਣੀ ਹਾਜ਼ਰੀ ਭਰਨਗੇ!

ਮੇਲੇ ਬਾਰੇ ਜਾਣਕਾਰੀ ਦੇਂਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਨੇ ਦੱਸਿਆ ਕਿ ਮੇਲੇ ਦਾ ਮੁੱਖ ਮਕਸਦ ਸਾਡੇ ਗੀਤਕਾਰ ਵੀਰਾਂ ਨੂੰ ਇੰਡੀਅਨ ਪ੍ਰਫਾਰਮਿੰਗ ਰਾਈਟ ਸੋਸਾਇਟੀ ਸੰਸਥਾ ਨਾਲ ਜੋੜਕੇ ਓਹਨਾਂ ਨੂੰ ਓਹਨਾਂ ਦੇ ਗੀਤਾਂ ਦੀ ਉਮਰ ਭਰ ਰਾਇਲਟੀ ਦੁਆਉਣਾ , ਗੀਤਾਂ ਦੀ ਚੋਰੀ ਨੂੰ ਰੋਕਣਾਂ , 60 ਸਾਲ ਤੋਂ ਉੱਪਰ ਬਜ਼ੁਰਗ ਤੇ ਬੀਮਾਰ ਗੀਤਕਾਰਾਂ ਨੂੰ ਸਰਕਾਰ ਤੋਂ ਪੈਨਸ਼ਨ ਅਤੇ ਮੁਫ਼ਤ ਇਲਾਜ਼ ਦਾ ਪ੍ਰਬੰਧ ਕਰਵਾਉਣਾ ਹੈ !

ਭੱਟੀ ਭੜੀ ਵਾਲਾ ਨੇ ਦੱਸਿਆ ਕਿ ਇਹ ਮੇਲਾ ਸਮੂਹ ਗੀਤਕਾਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ

ਮੇਲੇ ਦੀ ਪ੍ਰਬੰਧਕ ਟੀਮ ਵਿੱਚ ਸ਼੍ਰੀ ਜਸਵੰਤ ਸੰਦੀਲਾ, ਪਾਲੀ ਦੇਤਵਾਲੀਆ,ਸੇਵਾ ਸਿੰਘ ਨੌਰਥ, ਬਲਬੀਰ ਮਾਨ, ਭੱਟੀ ਭੜੀਵਾਲਾ,ਬਿੱਟੂ ਖੰਨੇ ਵਾਲਾ,ਬੂਟਾ ਭਾਈ ਰੂਪਾ, ਬੱਬੂ ਬਰਾੜ, ਨਿੰਮਾ ਲੁਹਾਰਕੇ, ਗੁਰਮਿੰਦਰ ਕੈਂਡੋਵਾਲ, ਅਜੀਤਪਾਲ ਜੀਤੀ ਅਤੇ ਭੰਗੂ ਫਲੇੜੇਵਾਲਾ ਦੇ ਨਾਮ ਜ਼ਿਕਾਰਯੋਗ ਹਨ ! ਮੇਲੇ ਦੇ ਸਰਪ੍ਰਸਤ ਸ.ਬਾਬੂ ਸਿੰਘ ਮਾਨ, ਸ਼੍ਰੀ ਗੁਰਭਜਨ ਸਿੰਘ ਗਿੱਲ, ਸ਼੍ਰੀ ਸ਼ਮਸ਼ੇਰ ਸਿੰਘ ਸੰਧੂ, ਸ਼੍ਰੀ ਜਰਨੈਲ ਘੁਮਾਣ ਅਤੇ ਸ. ਅਮਰੀਕ ਸਿੰਘ ਤਲਵੰਡੀ ਹਨ! ਮੇਲੇ ਦੇ ਮੁੱਖ ਪ੍ਰਬੰਧਕ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਹਨ ਜਿਹਨਾਂ ਦੀ ਰਹਿਨੁਮਾਈ ਥੱਲੇ ਮੇਲੇ ਦੀ ਕੋਆਰਡੀਨੇਟਰ ਟੀਮ ਅਮਨ ਫੁੱਲਾਂਵਾਲ, ਗਿੱਲ ਦੁੱਗਰੀ,ਅਨੂਪ ਸਿੱਧੂ ਅਤੇ ਦਿਲਬਾਗ ਹੁੰਦਲ ਪੂਰੇ ਜ਼ੋਰ ਸ਼ੋਰ ਨਾਲ ਮੇਲੇ ਨੂੰ ਹਰ ਪੱਖੋਂ ਕਾਮਯਾਬ ਬਣਾਉਣ ਵਿੱਚ ਦਿਨ ਰਾਤ ਇੱਕ ਕਰ ਰਹੇ ਹਨ ! ਮੇਲੇ ਦੇ ਸਟੇਜ ਪ੍ਰਬੰਧਕਾਂ ਵਿੱਚ ਪ੍ਰੋ ਨਿਰਮਲ ਜੌੜਾ, ਬਿੱਟੂ ਖੰਨੇਵਾਲਾ, ਜਗਤਾਰ ਜੱਗੀ ਅਤੇ ਕਰਨੈਲ ਸਿਵੀਆਂ ਦੇ ਨਾਮ ਸ਼ਾਮਲ ਹਨ !



ਮੇਲੇ ਵਿੱਚ ਅਸ਼ੋਕ ਬਾਂਸਲ ਮਾਨਸਾ, ਸ਼ਮਸ਼ੇਰ ਸਿੰਘ ਸੰਧੂ, ਬਲਬੀਰ ਮਾਨ, ਜਰਨੈਲ ਘੁਮਾਣ ਅਤੇ ਗੁਰਭਜਨ ਸਿੰਘ ਗਿੱਲ ਪੰਜਾਬੀ ਗੀਤਕਾਰੀ ਵਿੱਚ ਆਏ ਨਿੱਘਾਰ ਅਤੇ ਅਜੋਕੀ ਗੀਤਕਾਰੀ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ! ਮੇਲੇ ਦੌਰਾਨ ਤਕਰੀਬਨ 2.30 ਵਜੇ ਤੋਂ ਪੰਜਾਬ ਦੇ ਸਿਰਕੱਢ ਗਾਇਕ ਗੀਤਕਾਰ ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਦੇਬੀ ਮਖਸੂਸਪੁਰੀ, ਸਰਬਜੀਤ ਚੀਮਾ, ਹਾਕਮ ਬਖ਼ਤੜੀ ਵਾਲਾ, ਆਤਮਾ ਬੁੱਢੇਵਾਲੀਆ, ਬਲਬੀਰ ਬੋਪਾਰਾਏ, ਹਰਿੰਦਰ ਸੰਧੂ, ਵੀਤ ਬਲਜੀਤ, ਹੈਪੀ ਰਾਏਕੋਟੀ, ਬਿੱਟੂ ਖੰਨੇਵਾਲਾ, ਫ਼ਤਹਿ ਸ਼ੇਰਗਿੱਲ, ਬਿੰਦਰ ਨੱਥੂਮਾਜਰਾ,ਪ੍ਰੀਤ ਹਰਪਾਲ, ਕੁਲਦੀਪ ਕੰਡਿਆਰਾ, ਸ਼ਨੀ ਸ਼ਾਹ ਅਤੇ ਸ਼ੇਰ ਰਾਣਵਾਂ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ!

ਗੀਤਕਾਰਾਂ ਦੇ ਇਸ ਮੇਲੇ ਵਿੱਚ ਪੰਜਾਬ ਦੇ ਸਾਰੇ ਗਾਇਕਾਂ, ਸੰਗੀਤਕਾਰਾਂ, ਵੀਡੀਓ ਡਾਇਰੈਕਟਰਾਂ, ਕਵੀਆਂ, ਲੇਖਕਾਂ, ਸਾਹਿਤਕਾਰਾਂ, ਗ਼ਜ਼ਲਗੋਆਂ, ਕਹਾਣੀਕਾਰਾਂ, ਭੰਗੜੇ ਗਿੱਧੇ ਦੇ ਕਲਾਕਾਰਾਂ, ਪੱਤਰਕਾਰਾਂ, ਲੇਖਕਾਂ, ਸ਼ਾਇਰਾਂ, ਬੁੱਧੀਜੀਵੀਆਂ,ਮੀਡੀਆ ਤੇ ਪ੍ਰੈਸ ਨੂੰ ਖੁੱਲ੍ਹਾ ਸੱਦਾ ਹੈ! ਮੇਲੇ ਦੀ ਖਾਸ਼ੀਅਤ ਇਹ ਹੈ ਕਿ ਮੇਲੇ ਵਿੱਚ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਤੋਂ ਵਿਸ਼ੇਸ਼ ਕਰਕੇ ਗੀਤਕਾਰ ਭਾਗ ਲੈ ਰਹੇ ਹਨ ! ਮੇਲੇ ਵਾਲੇ ਦਿਨ ਸਵੇਰ ਤੋਂ ਚਾਹ ਅਤੇ ਲੰਗਰ ਅਟੁੱਟ ਵਰਤੇਗਾ! ਮੇਲੇ ਦਾ ਲਾਈਵ ਪ੍ਰਸਾਰਣ ਅਮਨਦੀਪ ਸਿੰਘ ਫੁੱਲਾਂਵਾਲ ਵੱਲੋਂ 'ਸੋਚ ਪੰਜਾਬ ਦੀ' ਅਤੇ ਹੋਰ ਚੈਨਲਾਂ ਤੇ ਕੀਤਾ ਜਾਵੇਗਾ !

# ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਗਈ 7 ਮੈਂਬਰੀ ਕਮੇਟੀ ਦੀ ਮੀਟਿੰਗ ਹੁਣ 13 ਫਰਵਰੀ ਨੂੰ ਸੱਦੀ



ਅੰਮ੍ਰਿਤਸਰ, (ਲੋਕ ਬਾਣੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਾਣਕਾਰੀ ਦਿੱਤੀ ਹੈ ਕਿ 7 ਮੈਂਬਰੀ ਕਮੇਟੀ ਦੀ ਅੱਜ ਹੋਣ ਵਾਲੀ ਇਕੱਤਰਤਾ ਹੁਣ 13 ਫਰਵਰੀ ਨੂੰ ਚੰਡੀਗੜ੍ਹ ਵਿਖੇ ਹੋਵੇਗੀ। ਉਹਨਾਂ ਦੱਸਿਆ ਹੈ ਕਿ ਇਹ ਇਕੱਤਰਤਾ 11 ਫਰਵਰੀ ਨੂੰ ਪਟਿਆਲਾ ਵਿਖੇ ਰੱਖੀ ਗਈ ਸੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਸੱਦਿਆ ਗਿਆ ਸੀ। ਪਰੰਤੂ ਭੂੰਦੜ ਦੇ ਸੁਖਬੀਰ ਸਿੰਘ ਬਾਦਲ ਦੀ ਬੇਟੀ ਦੇ ਵਿਆਹ ਸਮਾਗਮ ਵਿੱਚ ਸ਼ਾਮਿਲ ਹੋਣ ਦੇ ਰੁਝੇਵੇਂ ਕਾਰਨ ਇਕੱਤਰਤਾ ਦਾ ਸਮਾਂ ਤਬਦੀਲ ਕੀਤਾ ਗਿਆ ਹੈ। ਹੁਣ ਇਹ ਇਕੱਤਰਤਾ 13 ਫਰਵਰੀ ਨੂੰ ਚੰਡੀਗੜ੍ਹ ਸਥਿਤ ਸ਼੍ਰੋਮਣੀ ਕਮੇਟੀ ਦੇ ਉਪ ਦਫਤਰ ਵਿਖੇ ਹੋਵੇਗੀ।

# ਪੰਜਾਬ ਦੇ 1927 'ਚੋਂ 850 ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ: ਲੈਕਚਰਾਰ ਯੂਨੀਅਨ



ਚੰਡੀਗੜ੍ਹ (ਲੋਕ ਬਾਣੀ)-ਪੰਜਾਬ ਵਿੱਚ 1927 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ ਜਿੰਨਾਂ ਵਿੱਚ ਲਗਭਗ 850 ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ ਆਰਜੀ ਪ੍ਰਬੰਧ ਕਰਕੇ ਕੰਮ ਚਲਾਇਆ ਜਾ ਰਿਹਾ ਹੈ।ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਸਰਪ੍ਰਸਤ ਹਾਕਮ ਸਿੰਘ, ਸੀਨੀਅਰ ਸਲਾਹਕਾਰ ਸੁਖਦੇਵ ਸਿੰਘ ਰਾਣਾ ਅਤੇ ਸੂਬਾਈ ਆਗੂ ਸੰਜੀਵ ਕੁਮਾਰ, ਰਵਿੰਦਰਪਾਲ ਸਿੰਘ, ਬਲਰਾਜ ਬਾਜਵਾ ਅਤੇ ਜਗਤਾਰ ਸਿੰਘ ਸੈਦੋਕੇ ,ਗੁਰਪ੍ਰੀਤ ਸਿੰਘ ਬਠਿੰਡਾ ਨੇ ਸਾਂਝੇ ਬਿਆਨ ਵਿੱਚ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾਅਵੇ ਕਰ ਰਹੀ ਹੈ ਕਿ ਸਿੱਖਿਆ ਸੁਧਾਰ ਕਰਨ ਲਈ ਵਚਨਬੱਧ ਹੈ ਪਰ ਅਫਸੋਸ ਨਾਲ ਦੱਸਣਾ ਪੈਂਦਾ ਹੈ ਕਿ ਸਕੂਲ ਮੁਖੀਆ ਅਤੇ ਅਧਿਆਪਕਾਂ ਬਿੰਨਾ ਕਿਹੜਾ ਸੁਧਾਰ ਹੋ ਸਕਦਾ ਹੈ।

ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਰਣਬੀਰ ਸਿੰਘ ਸੋਹਲ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ ਪਦਉੱਨਤੀਆਂ ਸੀਨੀਆਰਤਾ ਅਨੁਸਾਰ ਹੁੰਦੀਆ ਹਨ। ਮਾਸਟਰ ਕਾਡਰ ਦੀਆਂ ਸੀਨੀਅਰ ਸੂਚੀਆਂ ਇਕੱਠੀ ਬਣਾਉਣ ਦੀ ਬਜਾਏ ਕਿਸ਼ਤਾਂ ਵਿੱਚ ਬਣਾਈ ਗਈ ਹੈ।ਇਕ ਸਾਂਝੀ ਸੀਨੀਆਰਤਾ ਸੂਚੀ ਜਾਰੀ ਕੀਤੀ ਜਾਵੇ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਪ੍ਰਮੋਸ਼ਨ ਸੈਂਲ ਬਣਾਉਣ ਦੇ ਬਾਵਜੂਦ ਪ੍ਰਮੋਸ਼ਨਾਂ ਨਹੀਂ ਹੋ ਰਹੀਆ। ਸੂਬਾ ਪ੍ਰਧਾਨ ਸੰਜੀਵ ਕੁਮਾਰ ਨੇ ਦੱਸਿਆ ਕਿ ਪ੍ਰਮੋਸ਼ਨਾਂ ਵਿੱਚ ਸਭ ਤੋਂ ਵੱਡੀ ਰੁਕਾਵਟ 2018 ਦੇ ਸਿਖਿਆ ਨਿਯਮ ਹਨ। ਸਕੂਲਾਂ ਵਿੱਚ ਸਕੂਲ ਮੁਖੀਆ ਦੀਆਂ ਆਸਾਮੀਆਂ ਭਰਨ ਲਈ ਤਰੱਕੀ ਰਾਹੀਂ ਪਦਉੱਨਤੀਆ ਦਾ ਕੋਟਾ 50% ਤੋਂ 100% ਕੀਤਾ ਜਾਵੇ।

ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਬਲਰਾਜ ਸਿੰਘ ਬਾਜਵਾ ਨੇ ਕਿਹਾ ਕਿ ਕੋ ਐਜੂਕੇਸ਼ਨ ਸਕੂਲਾਂ ਵਿੱਚ ਲੜਕੀਆ ਦੇ ਪਖਾਨਿਆਂ ਦੀ ਸਫਾਈ ਲਈ ਲੇਡੀ ਸਵੀਪਰਾਂ ਦੀ ਭਰਤੀ ਕੀਤੀ ਜਾਏ। ਖਾਲੀ ਲੈਕਚਰਾਰਾਂ ਦੀਆਂ ਅਸਾਮੀਆਂ ਸਿੱਧੀ ਅਤੇ ਪਦਉੱਨਤੀਆ ਨਾਲ ਪੂਰ ਕੀਤੀਆ ਜਾਣ।

ਸਕੂਲ ਮੁਖੀਆ ਦੀਆ ਆਸਾਮੀਆਂ ਨਿਯਮ ਅਨੁਸਾਰ ਪਹਿਲ ਦੇ ਆਧਾਰ ਤੇ ਪੂਰ ਕੀਤੀਆ ਜਾਣ। ਪਹਿਲਾਂ ਰਿਵਰਸ਼ਨ ਅਧੀਨ ਆਏ ਲੈਕਚਰਾਰਾ ਦੇ ਬੰਦ ਕੀਤੇ ਏ ਸੀ ਪੀ ਬਹਾਲ ਕੀਤੇ ਜਾਣ ਯੂਨੀਅਨ ਦੇ ਆਗੂ ਬਲਦੀਸ਼ ਸਿੰਘ ਅਤੇ ਜਸਪਾਲ ਸਿੰਘ ਨੇ ਦੱਸਿਆ ਕਿ ਮੁੱਖ ਦਫ਼ਤਰ ਵਿੱਚ ਡਿਪਟੀ ਡਾਇਰੈਕਟਰ ਦੀਆਂ ਆਸਾਮੀਆਂ ਜਿਲਾਂ ਸਿੱਖਿਆ ਅਫਸਰ ਵਿਚੋ ਸੀਨੀਅਰਜ਼ ਨੂੰ ਪ੍ਰਮੋਟ ਕਰ ਕੇ ਭਰੀਆਂ ਜਾਣ।

# ਬਠਿੰਡਾ ਦੇ 19 ਕਾਂਗਰਸੀ ਕੌਂਸਲਰਾਂ ਨੂੰ ਕਾਰਨ ਦੱਸੋ ਨੋਟਿਸ, ਮੇਅਰ ਚੋਣਾਂ ਚ 'ਆਪ' ਉਮੀਦਵਾਰ ਨੂੰ ਸਮਰਥਨ ਦੇਣ ਦਾ ਸ਼ੱਕ


ਚੰਡੀਗੜ੍ਹ-(ਲੋਕ ਬਾਣੀ) ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਚ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਵਿਚਾਲੇ ਟਕਰਾਅ ਵਧ ਗਿਆ ਹੈ। ਦੋਵੇਂ ਪਾਰਟੀਆਂ ਦੇ ਆਗੂ ਲਗਾਤਾਰ ਇੱਕ ਦੂਜੇ ਤੇ ਦੋਸ਼ ਲਗਾ ਰਹੇ ਹਨ। ਇਸੇ ਦੌਰਾਨ ਪੰਜਾਬ ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਅਤੇ ਸਾਬਕਾ ਮੰਤਰੀ ਅਵਤਾਰ ਹੈਨਰੀ ਨੇ ਬਠਿੰਡਾ ਦੇ 19 ਕਾਂਗਰਸੀ ਕੌਂਸਲਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਕੌਂਸਲਰਾਂ ਤੇ ਮੇਅਰ ਚੋਣਾਂ ਵਿੱਚ ਕਰਾਸ ਵੋਟਿੰਗ ਦਾ ਸ਼ੱਕ ਹੈ। ਉਨ੍ਹਾਂ ਨੂੰ ਤਿੰਨ ਦਿਨਾਂ ਅੰਦਰ ਜਵਾਬ ਦਾਖ਼ਲ ਕਰਨ ਲਈ ਕਿਹਾ ਗਿਆ ਹੈ।

ਪੰਜਾਬ ਕਾਂਗਰਸ ਅਨੁਸ਼ਾਸਨੀ ਕਮੇਟੀ ਨੇ ਕਿਹਾ ਹੈ ਕਿ ਜੇਕਰ ਸਾਰੇ ਕੌਂਸਲਰਾਂ ਨੇ ਤਿੰਨ ਦਿਨਾਂ ਵਿੱਚ ਜਵਾਬ ਨਾ ਦਿੱਤਾ ਤਾਂ ਉਨ੍ਹਾਂ ਸਾਰਿਆਂ ਖ਼ਿਲਾਫ਼ ਕਾਰਵਾਈ ਲਈ ਹਾਈਕਮਾਂਡ ਨੂੰ ਪੱਤਰ ਭੇਜਿਆ ਜਾਵੇਗਾ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਉਕਤ ਕੌਂਸਲਰਾਂ ਵੱਲੋਂ ਮੇਅਰ ਚੋਣਾਂ ਦੌਰਾਨ ਕਰਾਸ ਵੋਟਿੰਗ ਦਾ ਸ਼ੱਕ ਹੈ। ਕਿਉਂਕਿ ਬਠਿੰਡਾ ਵਿੱਚ ਆਮ ਆਦਮੀ ਪਾਰਟੀ ਸਿਰਫ਼ ਇੱਕ ਕੌਂਸਲਰ ਹੀ ਚੋਣ ਜਿੱਤ ਸਕੀ ਸੀ।



ਪੰਜਾਬ ਪ੍ਰਦੇਸ਼ ਕਾਂਗਰਸ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਅਤੇ ਸਾਬਕਾ ਕੈਬਨਿਟ ਮੰਤਰੀ ਅਵਤਾਰ ਹੈਨਰੀ ਨੇ ਸੂਬਾ ਕਾਂਗਰਸ ਦੇ ਜਨਰਲ ਸਕੱਤਰ ਸੰਦੀਪ ਸੰਧੂ ਦੀ ਸ਼ਿਕਾਇਤ ਤੇ ਇਹ ਕਾਰਵਾਈ ਕੀਤੀ ਹੈ। ਜਿਸ ਤੋਂ ਬਾਅਦ ਕੌਂਸਲਰ ਸੁਖਦੇਵ ਸਿੰਘ ਭੁੱਲਰ, ਕੌਂਸਲਰ ਸੋਨੀਆ, ਕੌਂਸਲਰ ਵਿਵੇਕ ਗਰਗ, ਕੌਂਸਲਰ ਮਨਜੀਤ ਕੌਰ, ਕੌਂਸਲਰ ਬਲਰਾਜ ਸਿੰਘ, ਕੌਂਸਲਰ ਵਿਕਰਮ ਕ੍ਰਾਂਤੀ, ਕੌਂਸਲਰ ਸੁਰੇਸ਼ ਕੁਮਾਰ, ਕੌਂਸਲਰ ਕਿਰਨ ਰਾਣੀ, ਕੌਂਸਲਰ ਸ਼ਾਮ ਲਾਲ ਗਰਗ, ਕੌਂਸਲਰ ਕਮਲਜੀਤ ਕੌਰ, ਕੌਂਸਲਰ ਉਮੇਸ਼ ਗਰਗ, ਕੌਂਸਲਰ ਨੇਹਾ, ਕੌਂਸਲਰ ਮਮਤਾ ਕੌਰ, ਕੌਂਸਲਰ ਮਮਤਾ ਕੌਰ, ਕੌਂਸਲਰ ਅਨੀਤਾ ਗੋਇਲ, ਕੌਂਸਲਰ ਰਾਜ ਰਾਣੀ, ਕੌਂਸਲਰ ਮਮਤਾ, ਕੌਂਸਲਰ ਕਮਲੇਸ਼ ਮਹਿਰਾ ਦੇ ਨਾਂ ਸ਼ਾਮਲ ਹਨ।

# ਅਰਬਨ ਅਸਟੇਟ ਫਗਵਾੜਾ ਵਿਖੇ ਸ਼ਰਧਾ ਨਾਲ ਮਨਾਇਆ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਜਨਮ ਦਿਹਾੜਾ







ਫ਼ਗਵਾੜਾ ( ਸੁਸ਼ੀਲ ਸ਼ਰਮਾ ) ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ 648ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਅਰਬਨ ਅਸਟੇਟ ਫ਼ਗਵਾੜਾ ਵੱਲੋਂ ਸ਼੍ਰੀ ਗੁਰੂ ਰਵਿਦਾਸ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪਹਿਲੇ ਦਿਨ ਸਵੇਰੇ ਨਿਸ਼ਾਨ ਸਾਹਿਬ ਨੂੰ ਚੋਲਾ ਪਹਿਨਾਉਣ ਦੀ ਰਸਮ ਕੀਤੀ ਗਈ। ਸ਼ਾਮ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਦੀ ਅੰਮ੍ਰਿਤ ਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਜਿਸ ਵਿੱਚ ਭਾਈ ਪਵਨ ਕੁਮਾਰ ਜਲੰਧਰ, ਜੋਗਿੰਦਰ ਝਿੱਕਾ ਜਰਮਨ ਅਤੇ ਪ੍ਰੋਫੈਸਰ ਰਿਸ਼ੀ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਗਿਆ। ਦੂਸਰੇ ਦਿਨ ਸਵੇਰੇ ਸ੍ਰੀ ਸੁਖਮਣੀ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ। ਜਿਸ ਤੋਂ ਬਾਅਦ ਧਾਰਮਿਕ ਸਟੇਜ ਸਜਾਈ ਗਈ। ਜਿਸ ਵਿਚ ਭਾਈ ਮੱਖਣ ਸਿੰਘ ਅਤੇ ਹਜ਼ੂਰੀ ਰਾਗੀ ਭਾਈ ਕਰਮ ਸਿੰਘ ਜਲੰਧਰ ਵਾਲਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਸਿੱਧ ਮਿਸ਼ਨਰੀ ਗੀਤਕਾਰ ਅਤੇ ਲੇਖਕ ਸੋਹਣ ਸ਼ਹਿਜਲ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਮਿਸ਼ਨ ਅਤੇ ਜੀਵਨ ਅਧਾਰਿਤ ਕਵਿਤਾ ਪਾਠ ਕੀਤਾ। ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ, ਫਗਵਾੜਾ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ , ਕੌਂਸਲਰ ਗੁਰਪ੍ਰੀਤ ਕੌਰ ਜੰਡੂ, ਵੀਨਾ ਰਾਣੀ, ਇੰਪਰੂਵਮੈਂਟ ਟਰੱਸਟ ਫਗਵਾੜਾ ਦੇ ਚੇਅਰਮੈਨ ਕਸ਼ਮੀਰ ਸਿੰਘ ਮਲ੍ਹੀ, ਡਾ. ਸੰਜੀਵ ਸਰੋਆ, ਡਾ.ਨਵਦੀਪ ਸਿੰਘ, ਮਮਤਾ ਕਾਂਸੇ ਡਿਫੈਂਸ ਅਸਟੇਟ ਆਫੀਸਰ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ। ਸਮਾਗਮ ਦੌਰਾਨ ਉਹਨਾਂ ਦਾਨੀ ਸੱਜਣਾ ਨੂੰ ਸਨਮਾਨਿਤ ਕੀਤਾ ਗਿਆ ਜਿਨਾਂ ਨੇ ਪਿਛਲੇ ਇੱਕ ਸਾਲ ਦੇ ਸਮੇਂ ਵਿੱਚ ਸਭਾ ਦੇ ਪੇ ਬੈਕ ਟੂ ਸੁਸਾਇਟੀ ਮਿਸ਼ਨ ਵਾਸਤੇ ਇਕ ਲੱਖ ਰੁਪਏ ਤੋਂ ਵੱਧ ਦੀ ਦਾਨ ਰਾਸ਼ੀ ਭੇਂਟ ਕੀਤੀ ਹੈ। ਸਨਮਾਨਤ ਹੋਣ ਵਾਲੇ ਦਾਨੀਆਂ ਵਿਚ ਮਾਸਟਰ ਗੁਰਮੇਜ ਸਿੰਘ, ਜਗਨਨਾਥ ਬੰਸਲ, ਜਗਦੀਸ਼ ਚੰਦਰ ਵਿਰਦੀ, ਪਰਮਜੀਤ ਕੈਲੇ, ਜਗਜੀਤ ਸਿੰਘ, ਜੋਗਾ ਰਾਮ, ਘਣਸ਼ਾਮ, ਕੇ.ਕੇ ਗੁਰੂ, ਅਸ਼ੋਕ ਕੁਮਾਰ, ਪ੍ਰੇਮ ਨਾਥ ਸਰੋਆ, ਪ੍ਰਦੀਪ ਬਾਗਲਾ, ਸੰਦੀਪ ਬਾਗਲਾ ਸਰਵਣ ਰਾਮ ਬਿਰਹਾ, ਅਵਤਾਰ ਸਿੰਘ ਦਰਦੀ, ਰਾਜ ਕੁਮਾਰ, ਜਰਨੈਲ ਸਿੰਘ, ਪਵਨ ਕੁਮਾਰ ਬੀਸਲਾ, ਪ੍ਰੇਮ ਲਾਲ, ਜੁਗਲ ਕਿਸ਼ੋਰ ਟੂਰਾ, ਸਤਪਾਲ ਬਸਰਾ, ਡਾ. ਜੋਗਿੰਦਰ ਸਿੰਘ, ਦਰਸ਼ਨ ਕੌਰ, ਭੁਪਿੰਦਰ ਸਿੰਘ, ਡਾ. ਬਲਕਾਰ ਚੰਦ, ਸੰਤੋਸ਼ ਚੰਦ ਹੀਰ, ਪ੍ਰਸ਼ੋਤਮ ਲਾਲ ਜੱਖੂ, ਭਾਗਮਲ, ਹੀਰਾ ਲਾਲ ਚੰਬਾ, ਹਰਜਸ ਪਾਲ, ਬਲਕਾਰ ਕੁਮਾਰ, ਕੁਲਵਿੰਦਰ ਸਿੰਘ ਗੁਰੂ, ਗਿਆਨ ਚੰਦ ਲੇਹਲ ਸ਼ਾਮਲ ਸਨ। ਸਭਾ ਦੇ ਨਵੇਂ ਬਣੇ ਮੈਂਬਰਾਂ ਕਮਲਜੀਤ ਸਿੰਘ ਬਾਂਸਲ, ਧਰਮਿੰਦਰ ਕੁਮਾਰ, ਅਵਤਾਰ ਰਾਮ ਸੰਧੂ, ਨਿਰਮਲ ਰਤਨ, ਪ੍ਰੋਫੈਸਰ ਤੀਰਥ ਰਾਮ ਬਸਰਾ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਪ੍ਰਦੀਪ ਰਾਜਾ ਵਲੋਂ ਪ੍ਰਕਾਸ਼ਿਤ ਮੈਗਜ਼ੀਨ ਖਬਰਸਾਰ ਦਾ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤਾ ਗਿਆ। ਅਖੀਰ ਵਿੱਚ ਸਭਾ ਦੇ ਪ੍ਰਧਾਨ ਜਗਨਨਾਥ ਬੰਸਲ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਉਤਸਵ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਭਾ ਦੇ ਸਮੂਹ ਮੈਂਬਰਾਂ ਅਤੇ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸਭਾ ਦੇ ਜਨਰਲ ਸਕੱਤਰ ਅਤੇ ਸਾਬਕਾ ਡੀ.ਜੀ.ਐਮ. ਕੈਨਰਾ ਬੈਂਕ ਘਣਸ਼ਾਮ ਵਲੋਂ ਨਿਭਾਈ ਗਈ। ਸਵੇਰ ਦੇ ਚਾਹ ਨਾਸ਼ਤੇ ਦਾ ਪ੍ਰਬੰਧ ਸਤਪਾਲ ਬਸਰਾ ਸਾਬਕਾ ਚੀਫ਼ ਮੈਨੇਜਰ ਕੇਨਰਾ ਬੈਂਕ ਵਲੋ ਕੀਤਾ ਗਿਆ, ਸਭਾ ਵਲੋਂ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਭਗਵੰਤ ਰਾਏ, ਬਲਦੇਵ ਸਿੰਘ, ਗੁਰਬਚਨ ਲਾਲ ਬੰਗੜ, ਰੇਸ਼ਮ ਲਾਲ, ਸੰਤੋਖ ਲਾਲ ਸਰੋਏ, ਆਰ.ਸੀ ਟੰਡਨ, ਐਂਚ ਐੱਲ ਬੰਗਾ, ਜੀਵਨ ਕੁਮਾਰ, ਜੋਰਾਵਰ ਸਿੰਘ, ਗੁਰਦਾਵਰ ਰਾਮ, ਸ਼ਿੰਗਾਰਾ ਰਾਮ ਬਿਰਦੀ, ਕ੍ਰਿਸ਼ਨ ਸੰਧੂ, ਰਾਮ ਜੀ ਬੰਸਲ, ਮਨੋਹਰ ਲਾਲ, ਜਸਬੀਰ ਸਿੰਘ, ਹੇਮਰਾਜ, ਲੁਪਿੰਦਰ ਕੁਮਾਰ, ਅਵਤਾਰ ਚੰਦ ਗਾਟ, ਵਿਜੇ ਕੁਮਾਰ, ਜੀਤ ਸਿੰਘ, ਅਨਿਲ ਕੁਮਾਰ, ਚਮਨ ਲਾਲ, ਬਲਵੰਤ ਸਿੰਘ ਦੜੋਚ, ਅਮਨਦੀਪ ਬਿਰਹਾ, ਸੁਰਿੰਦਰ ਕੁਮਾਰ, ਪਰਵਿੰਦਰ ਰਾਜੂ, ਅਮਰਜੀਤ ਬੰਗਾ, ਸੋਹਣ ਲਾਲ ਬਾਗਲਾ, ਰਾਜੇਸ਼ ਕੁਮਾਰ, ਆਰ.ਕੇ. ਭੱਟੀ, ਨਿਰਮਲ ਸਿੰਘ, ਬਲਵਿੰਦਰ ਕੁਮਾਰ, ਬਲਦੇਵ ਸਿੰਘ, ਨਰਿੰਦਰ ਠੇਕੇਦਾਰ, ਬਿੱਲੂ ਖੇੜਾ, ਚੈਨ ਰਾਮ ਸੋਢੀ ਆਦਿ ਹਾਜਰ ਸਨ।

# ਦੀਨਾਨਗਰ ਚ ਖੁੱਲੇਆਮ ਵਿਕ ਰਹੇ ਖਾਣ ਪੀਣ ਵਾਲੇ ਸਮਾਨ ਨੂੰ ਲੈ ਕੇ ਪ੍ਰਸ਼ਾਸ਼ਨ ਆਇਆ ਹਰਕਤ ਚ।




ਦੀਨਾਨਗਰ (ਡਾ ਰਮੇਸ਼ ਸਰੰਗਲ ) ਦੀਨਾਨਗਰ ਚ ਖੁੱਲ੍ਹੇ ਆਸਮਾਨ ਹੇਠ ਵਿਕ ਰਹੀਆਂ ਖਾਣ ਪੀਣ ਵਾਲੀਆਂ ਵਸਤੂਆਂ ਆਮ ਲੋਕਾਂ ਦੀ ਸਿਹਤ ਤੇ ਬੁਰਾ ਪ੍ਰਭਾਵ ਪਾ ਰਹੀਆਂ ਹਨ ਜਿਸ ਨੂੰ ਦੇਖਦੇ ਹੋਏ ਐਸਡੀਐਮ ਜਸਪਿੰਦਰ ਸਿੰਘ ਉਪ ਮੰਡਲ ਮੈਜਿਸਟਰੇਟ ਦੀਨਾਨਗਰ ਜੀ ਵਲੋਂ ਦੀਨਾਨਗਰ ਵਿਖੇ ਫੂਡ ਸੇਫਟੀ ਦੇ ਸਬੰਧ ਵਿਚ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਡਾ. ਜੀ.ਐਸ.ਪੰਨੂ ਸਹਾਇਕ ਕਮਿਸ਼ਨਰ ਫੂਡ ਗੁਰਦਾਸਪੁਰ, ਸ੍ਰੀ ਰਮਨ ਵਿਰਦੀ ਫੂਡ ਸੇਫਟੀ ਅਫਸਰ ਗੁਰਦਾਸਪੁਰ ਅਤੇ ਸ੍ਰੀ ਸੁਖਵਿੰਦਰ ਸਿੰਘ ਨਾਇਬ ਤਹਿਸੀਲਦਾਰ ਦੀਨਾਨਗਰ ਹਾਜਰ ਹੋਏ । ਮੀਟਿੰਗ ਵਿਚ ਉਪ ਮੰਡਲ ਮੈਜਿਸਟਰੇਟ ਦੀਨਾਨਗਰ ਵਲੋਂ ਹਦਾਇਤ ਕੀਤੀ ਗਈ ਕਿ ਦੀਨਾਨਗਰ ਦੇ ਸਮੂਹ ਫੂਡ ਵਿਕਰੇਤਾ ਦੁਆਰਾ Misbranded ਫੂਡ ਨਾ ਵੇਚਿਆ ਜਾਵੇ ਅਤੇ ਅਗਰ ਕਿਸੇ ਫੂਡ ਵਿਕਰੇਤਾ ਦੁਆਰਾ Misbranded ਫੂਡ ਵੇਚਿਆ ਜਾਂਦਾ ਤਾਂ ਉਸ ਖਿਲਾਫ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਗਏ। ਇਸ ਦੇ ਨਾਲ ਹੀ ਦੀਨਾਨਗਰ ਵਿਖੇ ਫੂਡ Hygiene ਅਤੇ ਫੂਡ Standard Maintain ਕਰਨ ਲਈ ਦੁਕਾਨਾਂ ਰੈਸਟੋਰੈਂਟ ਅਤੇ ਰੇੜੀਆਂ ਦੀ ਚੈਕਿੰਗ ਕਰਨ ਲਈ ਹਦਾਇਤ ਕੀਤੀ ਗਈ। ਜਿਸ ਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਵੱਲੋਂ ਦੁਕਾਨਾਂ ਰੈਸਟੋਰੈਂਟ ਅਤੇ ਰੇੜੀਆਂ ਦੀ ਚੈਕਿੰਗ ਕੀਤੀ ਜਾਂਦੀ ਹੈ ਅਤੇ 6✿✿➢ Items ਵਿੱਚ ਕਮੀਆਂ ਨਜਰ ਆਉਣ ਤੇ ਸਬੰਧਤ ਵਿਕਰੇਤਾਵਾਂ ਤੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਉਪ ਮੰਡਲ ਮੈਜਿਸਟਰੇਟ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਵੱਲੋਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਗਈ ਕਿ Eat Right Movement ਅਧੀਨ ਜੋ ਵੀ ਕਾਰਵਾਈ ਕੀਤੀ ਜਾਂਦੀ ਹੈ ਉਸ ਦੀ ਰਿਪੋਰਟ ਇਸ ਦਫਤਰ ਵਿਖੇ ਭੇਜੀ ਜਾਵੇ।

# ਬਲਾਕ ਖਰੜ ਦੇ ਐਸ.ਆਈ.ਆਰ.ਡੀ. ਵੱਲੋਂ ਲਗਾਏ ਸਰਪੰਚਾਂ ਪੰਚਾਂ ਦਾ ਕੈਂਪ ਸਮਾਪਤ



ਖਰੜ (ਕਾਲਾ ਸਿੰਘ ਸੈਣੀ )- ਬਲਾਕ ਖਰੜ ਖਰੜ ਅਧੀਨ ਆਉਂਦੀਆਂ ਨਵੀਆਂ ਚੁਣੀਆਂ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਨੂੰ ਸਿਖਲਾਈ ਦੇਣ ਲਈ ਲਗਾਇਆ ਕੈਂਪ ਅੱਜ ਸੱਤਵੇਂ ਦਿਨ ਬੀ.ਡੀ.ਪੀ.ਓ. ਮਹਿਕਮੀਤ ਸਿੰਘ ਦੀ ਦੇਖ ਰੇਖ ਵਿੱਚ ਸਮਾਪਤ ਹੋ ਗਿਆ ਹੈ। ਇਸ ਕੈਂਪ ਐਸ ਆਈ ਆਰ ਡੀ ਮੋਹਾਲੀ ਤੋਂ ਪੁੱਜੇ ਮਾਸਟਰ ਰੀਸੋਰਸ ਪਰਮਜੀਤ ਕੌਰ ਅਤੇ ਵੇਦਨਾ ਮੈਦਾਨ ਸਿਖਲਾਈ ਦਿੱਤੀ ਗਈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ.ਆਈ. ਆਰ.ਡੀ. ਪਰਮਜੀਤ ਕੌਰ ਅਤੇ ਵੰਦਨਾ ਮੈਦਾਨ ਨੇ ਦੱਸਿਆ ਕਿ ਦਿਹਾਤੀ ਵਿਕਾਸ ਅਤੇ ਪੰਚਾਇਤ ਰਾਜ ਸੰਸਥਾ ਮੋਹਾਲੀ ਪੰਜਾਬ ਵੱਲੋਂ ਬਲਾਕ ਖਰੜ ਅਧੀਨ ਆਉਂਦੀਆਂ ਨਵੀਆਂ ਚੁਣੀਆਂ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਦੇ ਇਸ ਸਿਖਲਾਈ ਕੈਂਪ ਦੇ ਅਖੀਰਲੇ ਦਿਨ ਬਲਾਕ ਖਰੜ ਦੇ 65 ਪਿੰਡਾਂ ਤੋਂ ਪੰਚਾਇਤ ਮੈਂਬਰ ਅਤੇ ਸਰਪੰਚ ਸ਼ਾਮਿਲ ਹੋਏ। ਉਨ੍ਹਾਂ ਕੈਂਪਾਂ ਵਿੱਚ ਬੀਮਾ ਅਧਾਰਤ ਰਕਮ, ਪੰਚਾਇਤ ਵਿਕਾਸ ਯੋਜਨਾ, ਸਥਾਈ ਵਿਕਾਸ ਦੇ ਟੀਚੇ ਪਿੰਡਾਂ ਵਿੱਚ ਲਾਗੂ ਹੋਣ ਵਾਲੀਆਂ ਵੱਖ ਵੱਖ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਰਜਿੰਦਰ ਕੁਮਾਰ ਪੰਚਾਇਤ ਅਫਸਰ, ਜਤਿੰਦਰ ਸਿੰਘ ਈ ਪੰਚਾਇਤ ਅਤੇ ਹਰਦੀਪ ਸਿੰਘ ਪੰਚਾਇਤ ਸਕੱਤਰ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ।

# ਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਤੋਂ ਸੇਧ ਲੈ ਕੇ ਨਰੋਏ ਸਮਾਜ ਦੀ ਸਿਰਜਣਾਂ ਸਮੇਂ ਦੀ ਲੋੜ - ਸਾਂਈ ਕਰਨੈਲ ਸ਼ਾਹ



ਫਗਵਾੜਾ ( ਸੁਸ਼ੀਲ ਸ਼ਰਮਾ ) ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਧੰਨ-ਧੰਨ ਨੂਰ-ਏ-ਖੁਦਾ ਦਰਬਾਰ ਬਾਬਾ ਮੰਗੂ ਸ਼ਾਹ ਵਿਖੇ ਗੱਦੀ ਨਸ਼ੀਨ ਸਾਂਈ ਕਰਨੈਲ ਸ਼ਾਹ ਵਲੋਂ ਸੰਗਤਾਂ ਨਾਲ ਲੱਡੂ ਵੰਡ ਕੇ ਸਾਂਝੀ ਕੀਤੀ ਗਈ। ਇਸ ਮੌਕੇ ਉਹਨਾਂ ਹਾਜਰ ਸੰਗਤਾਂ ਨੂੰ ਗੁਰੂ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਨੇ ਆਪਣੀ ਬਾਣੀ ਵਿਚ ਸਮੁੱਚੀ ਮਨੁੱਖਤਾ ਨੂੰ ਜਾਤੀ ਭੇਦ ਦੀ ਬੁਰਾਈ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ ਹੈ। ਉਹਨਾਂ ਨੇ ਇਕ ਅਜਿਹੇ ਬੇਗਮਪੁਰਾ ਸ਼ਹਿਰ ਨੂੰ ਵਸਾਉਣ ਦਾ ਸੁਪਨਾ ਦਿਖਾਇਆ ਹੈ ਜਿਸ ਵਿਚ ਹਰ ਵਰਗ ਦੇ ਲੋਕ ਆਪਸ ਵਿਚ ਮਿਲ-ਜੁਲ ਕੇ ਰਹਿਣ ਅਤੇ ਕਿਸੇ ਨੂੰ ਕੋਈ ਦੁੱਖ ਤਕਲੀਫ ਨਾ ਹੋਵੇ। ਉਹਨਾਂ ਕਿਹਾ ਕਿ ਸਾਨੂੰ ਗੁਰੂ ਮਹਾਰਾਜ ਦੀ ਬਾਣੀ ਤੋਂ ਸੇਧ ਲੈ ਕੇ ਉਹਨਾਂ ਦੀਆਂ ਸਿੱਖਿਆਵਾਂ ਤੇ ਚਲਦੇ ਹੋਏ ਗੁਰੂ ਸਾਹਿਬ ਦੇ ਸੁਪਨਿਆਂ ਦੇ ਨਰੋਏ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ। ਸੰਗਤਾਂ ਨੇ ਵੱਡੀ ਗਿਣਤੀ ਵਿਚ ਦਰਬਾਰ ਵਿਖੇ ਨਤਮਸਤਕ ਹੋ ਕੇ ਬਾਬਾ ਮੰਗੂ ਸ਼ਾਹ ਜੀ ਅਤੇ ਸਾਂਈ ਕਰਨੈਲ ਸ਼ਾਹ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਬਾਬਾ ਮਲੰਗ ਜੀ ਸਾਹਨੀ, ਬਾਬਾ ਧੰਨਾ ਜੀ, ਸਰਪੰਚ ਬੀਬੀ ਬਖਸ਼ਿੰਦਰ ਬਾਂਸਲ ਪਤਨੀ ਸੁਖਦੇਵ ਸਿੰਘ ਬਾਂਸਲ, ਮੇਜਰ ਸਿੰਘ, ਸਤਨਾਮ ਸਿੰਘ, ਰਾਮ ਸ਼ਰਨ, ਦਵਿੰਦਰ ਸਿੰਘ, ਮੋਨਿਕਾ ਸ਼ਰਮਾ, ਰਾਜਵਿੰਦਰ ਕੌਰ, ਜਸਵਿੰਦਰ ਕੌਰ, ਅਮਰੀਕ ਸਿੰਘ ਮੀਕਾ, ਮੇਜਰ ਸਿੰਘ, ਹਰਵਿੰਦਰ ਸਿੰਘ ਸਨੀ, ਗੁਰਵਿੰਦਰ ਸਿੰਘ ਗੋਪੀ, ਜੁਗਰਾਜ ਸਿੰਘ ਸਪੇਨ, ਅਵਤਾਰ ਸਿੰਘ ਕਾਹਲੋਂ, ਬੌਬੀ ਕਾਹਲੋਂ ਕਨੇਡਾ, ਸੁਖਜਿੰਦਰ ਕੁਮਾਰ, ਸ਼ਰਨ ਕਾਹਲੋਂ, ਕਰਨਜੀਤ ਸਿੰਘ, ਹਰਪ੍ਰੀਤ ਸਿੰਘ, ਸੋਨੀ ਸਾਹਨੀ, ਮੋਠੂ ਰਾਮ ਕੌਸ਼ਲ, ਜੱਗਾ, ਕੁਲਦੀਪ ਸ਼ੇਖੂਪੁਰ, ਰਵੀ ਕੁਮਾਰ, ਗੋਪੀ ਕਾਹਲੋਂ, ਵਿਕਾਸ ਕੌਸ਼ਲ, ਵਿੱਕੀ ਬਾਗਲਾ, ਜਰਨੈਲ ਸਿੰਘ, ਨਿਰਮਲ ਸਿੰਘ ਚੱਕ ਹਕੀਮ, ਜੋਵਨਜੀਤ, ਬੱਬੂ ਸੈਣੀ ਲੱਖਪੁਰ, ਨਰੇਸ਼ ਕੁਮਾਰ, ਸੇਵਾ ਰਾਮ, ਕੁਲਵੀਰ ਸਿੰਘ, ਇੰਦਰਜੀਤ ਸਿੰਘ ਕਾਹਲੋਂ, ਹਨੀ ਕੋਸ਼ਲ, ਲਛਮਣ ਸਾਹਨੀ, ਸੁਰਿੰਦਰ ਸਿੰਘ, ਡੋਰੀ ਲਾਲ, ਹਰਦੀਪ ਸਿੰਘ, ਕਮਲਜੀਤ ਕੰਬਾ ਪ੍ਰੇਮਪੁਰ, ਰਾਜੂ ਢੋਲੀ, ਗੁਰਪ੍ਰੀਤ ਕਾਹਲੋਂ, ਸੂਬਾ ਸਿੰਘ ਸਾਹਨੀ, ਰਾਜਾ ਸਾਹਨੀ, ਰਣਜੀਤ ਸਿੰਘ ਕਾਹਲੋਂ, ਸਨੀ ਸਾਹਨੀ ਆਦਿ ਹਾਜਰ ਸਨ।

# ਡੀ.ਬੀ.ਈ.ਈ. ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਭਲਕੇ 14 ਫਰਵਰੀ ਨੂੰ




ਲੁਧਿਆਣਾ, (ਸੁਖਚੈਨ ਮਹਿਰਾ) – ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਲੁਧਿਆਣਾ ਵੱਲੋ ਭਲਕੇ 14 ਫਰਵਰੀ (ਸ਼ੁਕਰਵਾਰ) ਨੂੰ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਪ੍ਰਤਾਪ ਚੌਂਕ, ਸਾਹਮਣੇ ਸੰਗੀਤ ਸਿਨੇਮਾ ਲੁਧਿਆਣਾ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਜਿਸਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ।

ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਰੁਪਿੰਦਰ ਕੌਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ ਜਿਸਦੇ ਤਹਿਤ ਇਸ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਲੁਧਿਆਣਾ ਦੀਆਂ ਨਾਮੀ ਕੰਪਨੀਆਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਵਿੱਚ ਡੀ-ਮਾਰਟ, ਜਾਬ ਰੈਬਿਟ, ਪੀ.ਵੀ.ਆਰ. ਸਿਨੇਮਾ, ਸੋਨਾਲਿਕਾ, ਐਚ.ਡੀ.ਬੀ. ਫਾਇਨਾਂਸ ਆਦਿ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਦੋਨੋ ਭਾਗ ਲੈ ਸਕਦੇ ਹਨ ਜਿਨ੍ਹਾਂ ਦੀ ਉਮਰ 18 ਤੋਂ 35 ਸਾਲ ਹੋਵੇ ਅਤੇ ਘੱਟ ਤੋਂ ਘੱਟ ਯੋਗਤਾ 10ਵੀ, 12ਵੀਂ, ਆਈ.ਟੀ.ਆਈ, ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ), ਪੋਸਟ ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ) ਪਾਸ ਕੀਤਾ ਹੋਵੇ ਭਾਗ ਲੈ ਸਕਦੇ ਹਨ।

ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਵੱਲੋਂ ਉਮੀਦਵਾਰਾਂ ਨੂੰ ਅਪੀਲ ਕੀਤੀ ਗਈ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ। ਇਸ ਇੰਟਰਵਿਊ ਲਈ ਆਪਣਾ ਬਾਇਓ ਡਾਟਾ ਅਤੇ ਦੋ ਫੋਟੋ ਲਾਜ਼ਮੀ ਹਨ। ਜੇਕਰ ਉਮੀਦਵਾਰ ਆਪਣਾ ਨਾਮ ਮੈਨੂਅਲ ਰਜਿਸਟਰ ਅਤੇ ਐਨ.ਸੀ.ਐਸ. ਪੋਰਟਲ ਤੇ ਆਨਲਾਇਨ ਕਰਵਾਉਣਾ ਚਾਹੁੰਦੇ ਹਨ ਤਾਂ ਵਿਦਿਅਕ ਯੋਗਤਾ ਤੇ ਸਾਰੇ ਅਸਲ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ ਇਹਨਾਂ ਦੀਆਂ ਫੋਟੋ ਕਾਪੀਆਂ ਨਾਲ ਲਿਆਉਣ। ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਹੈਲਪਲਾਈਨ ਨੰ: 77400-01682 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਕਾਨਪੁਰ ਚ ਆਰਮੀ ਕਮਾਂਡਿੰਗ ਅਫਸਰ ਦੀ ਮੌਤ ਦਾ ਕਾਰਨ ਬਣੀ ਤੇਜ਼ ਰਫਤਾਰ : ਬਾਂਬਾ ਚ ਕਾਰ ਡਿੱਗਣ ਨਾਲ ਦੋ ਗੰਭੀਰ ਜ਼ਖਮੀ

ਕਾਨਪੁਰ।( ਸੁਨੀਲ ਬਾਜਪਾਈ) ਇੱਥੇ ਤੇਜ਼ ਰਫ਼ਤਾਰ ਕਾਰ ਵਿੱਚ ਸਵਾਰ ਦੋ ਨੌਜਵਾਨਾਂ ਦੀ ਮੌਤ ਦਾ ਕਾਰਨ ਬਣ ਗਈ। ਉਸ ਦੀ ਤੇਜ਼ ਰਫਤਾਰ ਕਾਰ ਬੇਕਾਬੂ ਹੋ ਕੇ ਬੰਬਈ ਚ ਜਾ ਡਿੱਗੀ, ਜਿਸ ਕਾਰਨ ਦੋ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਗੰਭੀਰ ਰੂਪ ਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਚ ਦਾਖਲ ਕਰਵਾਇਆ ਗਿਆ ਹੈ। ਇਹ ਘਟਨਾ ਘਾਟਮਪੁਰ ਥਾਣਾ ਖੇਤਰ ਦੇ ਧਰਮੰਗਦਪੁਰ ਪਿੰਡ ਨੇੜੇ ਸਥਿਤ ਬਾਂਬਾ ਪੁਲ ਤੇ ਵਾਪਰੀ।

ਪ੍ਰਾਪਤ ਜਾਣਕਾਰੀ ਅਨੁਸਾਰ ਮੌਕੇ ਤੇ ਪਹੁੰਚੀ ਘਾਟਮਪੁਰ ਪੁਲਿਸ ਨੇ ਦੱਸਿਆ ਕਿ ਮ੍ਰਿਤਕਾਂ ਚ ਬੈਂਗਲੁਰੂ ਚ ਤਾਇਨਾਤ ਆਰਮੀ ਕਮਾਂਡਿੰਗ ਅਫ਼ਸਰ ਰਾਹੁਲ ਸਿੰਘ (28) ਅਤੇ ਮਿਸਤਰੀ ਰਾਮੂ ਕੁਸ਼ਵਾਹਾ ਉਰਫ਼ ਵਰਿੰਦਰ (28) ਵਾਸੀ ਪਿੰਡ ਇਸਮਾਈਲਪੁਰ ਸ਼ਾਮਲ ਹਨ। ਹਾਦਸੇ ਚ ਗੰਭੀਰ ਰੂਪ ਚ ਜ਼ਖਮੀ ਹੋਏ ਸ਼ਿਵਮ (25) ਅਤੇ ਰੁਪੇਸ਼ (28) ਨੂੰ ਹੈਲੇਟ ਹਸਪਤਾਲ ਚ ਰੈਫਰ ਕਰ ਦਿੱਤਾ ਗਿਆ ਹੈ।

ਪੁਲਸ ਨੇ ਦੱਸਿਆ ਕਿ ਸਾਰੇ ਦੋਸਤ ਅਕਬਰਪੁਰ ਤੋਂ ਪਤਾਰਾ ਕਸਬੇ ਚ ਆਯੋਜਿਤ ਇਕ ਵਿਆਹ ਸਮਾਰੋਹ ਚ ਜਾ ਰਹੇ ਸਨ। ਮ੍ਰਿਤਕ ਰਾਹੁਲ ਸਿੰਘ ਦੋ ਦਿਨ ਪਹਿਲਾਂ ਆਪਣੇ ਦੋਸਤ ਆਸ਼ੀਸ਼ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਛੁੱਟੀ 'ਤੇ ਆਇਆ ਸੀ।

ਇਸ ਹਾਦਸੇ ਤੋਂ ਬਾਅਦ ਰਾਹਗੀਰਾਂ ਦੀ ਸੂਚਨਾ ਤੇ ਪਹੁੰਚੇ ਘਾਟਪੁਰ ਦੇ ਇੰਸਪੈਕਟਰ ਧਨੰਜੈ ਕੁਮਾਰ ਪਾਂਡੇ ਅਤੇ ਪਤਾਰਾ ਚੌਕੀ ਦੇ ਇੰਚਾਰਜ ਅਨੁਜ ਰਾਜਪੂਤ ਨੇ ਕਾਰ ਚ ਸਵਾਰ ਜ਼ਖਮੀਆਂ ਨੂੰ ਬਾਂਬਾ ਚੋਂ ਬਾਹਰ ਕੱਢ ਕੇ ਐਂਬੂਲੈਂਸ ਦੀ ਮਦਦ ਨਾਲ ਪਤਾਰਾ ਸੀ.ਐੱਚ.ਸੀ. ਜਿੱਥੇ ਡਾਕਟਰ ਨੇ ਫੌਜ ਦੇ ਜਵਾਨ ਸਮੇਤ ਦੋ ਨੂੰ ਮ੍ਰਿਤਕ ਐਲਾਨ ਦਿੱਤਾ। ਉਕਤ ਦੋਵਾਂ ਨੂੰ ਗੰਭੀਰ ਹਾਲਤ ਚ ਹੈਲੇਟ ਹਸਪਤਾਲ ਚ ਭਰਤੀ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪੁਲਸ ਨੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਿਸ ਅਗਲੀ ਕਾਰਵਾਈ ਲਈ ਸ਼ਿਕਾਇਤ ਦੀ ਉਡੀਕ ਕਰ ਰਹੀ ਹੈ।

# ਸ਼੍ਰੀ ਗੁਰੂ ਰਵਿਦਾਸ ਜੀ ਅਤੇ ਬਾਬਾ ਅਜੀਤ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਾਇਆ



ਲੁਧਿਆਣਾ (ਸੁਖਚੈਨ ਮਹਿਰਾ) ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਟਾਹਲੀਆਣਾ ਸਾਹਿਬ ਪਾ: ਦਸਵੀਂ, ਰਾਏਕੋਟ ਵਿਖੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਅਤੇ ਬਾਬਾ ਅਜੀਤ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਵ: ਸੁਖਦੇਵ ਸਿੰਘ ਜਵੰਦਾ ਯਾਦਗਾਰੀ ਟ੍ਰਸਟ ਅਤੇ ਭਾਈ ਘੱਨਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਵੱਲੋਂ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਦੇਖ ਰੇਖ ਹੇਠ 784ਵਾਂ ਮਹਾਨ ਖੂਨਦਾਨ ਕੈਂਪ ਗੁਰਦੁਆਰਾ ਸਾਹਿਬ ਦੇ ਮੈਨੇਜਰ ਤਰਸੇਮ ਸਿੰਘ ਬਲਿਆਲ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਖੂਨਦਾਨ ਕੈਂਪ ਦਾ ਉਦਘਾਟਨ ਕਰਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਜਗਜੀਤ ਸਿੰਘ ਤਲਵੰਡੀ, ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਉਘੇ ਸਮਾਜ ਸੇਵੀ ਕੰਵਰਜੀਤ ਸਿੰਘ ਜਵੰਦਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ਅਤੇ ਲੋੜਵੰਦ ਮਰੀਜ਼ਾਂ ਲਈ ਖ਼ੂਨਦਾਨ ਕਰਨ ਵਾਲੇ ਨੌਜਵਾਨਾ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਸਰਟੀਫਿਕੇਟ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਭਾਈ ਘੱਨਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦਸਿਆ ਖੂਨਦਾਨ ਕੈਂਪ ਦੌਰਾਨ 51 ਬਲਡ ਯੂਨਿਟ ਸਿਵਿਲ ਹਸਤਪਾਲ ਲੁਧਿਆਣਾ ਦੇ ਸਹਿਯੋਗ ਨਾਲ ਇੱਕਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈਕੇ ਦਿਤਾ ਜਾਵੇਗਾ। ਇਸ ਮੌਕੇ ਤੇ ਮਹਿੰਦਰ ਸਿੰਘ ਮਾਣਕੀ ਹੈਡ ਗ੍ਰੰਥੀ, ਬਲਦੇਵ ਸਿੰਘ ਸੰਧੂ, ਜੋਗਾ ਸਿੰਘ ਸੁਪਰਵਾਇਜ਼ਰ,ਹਰਭਜਨ ਸਿੰਘ,ਹਰਪ੍ਰੀਤ ਸਿੰਘ ਅਕਾਊਂਟੈਂਟ, ਹਰਮਿੰਦਰ ਸਿੰਘ ਖਜ਼ਾਨਚੀ, ਗੁਰਦੀਪ ਸਿੰਘ ਸਟੋਰ ਕੀਪਰ, ਹਰਜਿੰਦਰ ਸਿੰਘ ਰਿਕਾਰਡਕੀਪਰ, ਰਜਿੰਦਰ ਸਿੰਘ ਇੰਸੈਕਟਰ ਹਾਜ਼ਰ ਸਨ

# ਸਾਹਿਤਕ ਸੱਥ ਖਰੜ ਦੇ ਵਿਹੜੇ 16 ਫਰਵਰੀ ਨੂੰ ਗੀਤ,ਸੰਗੀਤ ਦੀਆਂ ਲੱਗਣਗੀਆਂ ਰੌਣਕਾਂ

ਖਰੜ, ( ਕਾਲਾ ਸਿੰਘ ਸੈਣੀ ) -ਸਾਹਿਤਕ ਸੱਥ ਖਰੜ ਦੀ ਮਾਸਿਕ ਇੱਕਤਰਤਾ 16 ਫਰਵਰੀ ਦਿਨ ਐਤਵਾਰ ਨੂੰ 10 ਵਜੇ ਸਵੇਰੇ ਸਥਾਨਕ ਸ਼ਹਿਰ ਦੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਕਰਵਾਇਆ ਜਾਵੇਗਾ। ਇਸ ਸਬੰਧੀ ਪ੍ਰੈਸ ਨੋਟ ਜਾਰੀ ਕਰਦਿਆਂ ਸੱਥ ਦੇ ਪ੍ਰਧਾਨ ਜਸਵਿੰਦਰ ਸਿੰਘ ਕਾਈਨੌਰ ਅਤੇ ਜਰਨਲ ਸਕੱਤਰ ਪਿਆਰਾ ਸਿੰਘ ਰਾਹੀ ਨੇ ਦੱਸਿਆ ਕਿ ਇਸ ਇੱਕਤਰਤਾ ਵਿੱਚ ਸੱਥ ਦੇ ਦੋ ਸਾਲ ਪੂਰੇ ਹੋਣ 'ਤੇ ਹਾਜ਼ਿਰ ਸ਼ਾਇਰਾਂ ਦੀ ਸ਼ਾਇਰੀ ਦਾ ਅਨੰਦ ਮਾਣਿਆ ਜਾਵੇਗਾ। ਉੱਥੇ ਹੀ ਗੀਤ ,ਸੰਗੀਤ ਦਾ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਵਿੱਚ ਸੱਥ ਦੇ ਮੈਂਬਰ ਕਲਾਕਾਰਾਂ ਤੋਂ ਇਲਾਵਾ ਬਹੁਤ ਸਾਰੇ ਨਾਮਵਰ ਗਾਇਕ ਗੁਰਵਿੰਦਰ ਗੁਰੀ,ਰਵਿੰਦਰ ਲੁਬਾਣਾ,ਨਾਮਵਰ ਕਮੇਡੀ ਕਲਾਕਾਰ ਤੇ ਗਾਇਕ ਅਮਰਜੀਤ ਮੱਟੂ,ਸੰਗੀਤ ਦੇ ਮਾਹਿਰ ਉਸਤਾਦ ਤੇ ਗਾਇਕ ਰਵਿੰਦਰ ਰਵੀ,ਗੁਰਜੋਧ ਕੌਰ ਅਤੇ ਖਾਲਸਾ ਕਵੀਸ਼ਰੀ ਜੱਥਾ ਗਿਆਨੀ ਰਸ਼ਪਾਲ ਸਿੰਘ ਖਰੜ ਆਦਿ ਵਿਸ਼ੇਸ਼ ਤੌਰ ਤੇ ਭਰਵੀਂ ਹਾਜ਼ਰੀ ਨਾਲ ਦਰਸ਼ਕਾਂ-ਸਰੋਤਿਆਂ ਦਾ ਮਨੋਰੰਜਨ ਕਰਨਗੇ। ਅਤੇ ਸੱਥ ਵਲੋਂ ਸਾਹਿਤ ਪ੍ਰੇਮੀਆਂ ਨੂੰ ਵੀ ਖੁੱਲਾ ਸੱਦਾ ਦਿੱਤਾ ਗਿਆ ਹੈ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਿੰਦਰ ਨਗਰ ਫਗਵਾੜਾ ਵੱਲੋਂ ਗੁਰਪੁਰਬ ਮੌਕੇ ਦੁਆਬਾ ਸਾਹਿਤ ਸਮਾਜਿਕ ਕੇਂਦਰ ਫਗਵਾੜਾ ਦੇ ਸਮੂਹ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।



ਫਗਵਾੜਾ (ਸੁਸ਼ੀਲ ਸ਼ਰਮਾ)ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਿੰਦਰ ਨਗਰ ਫਗਵਾੜਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੇ ਮੌਕੇ ਤੇ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਦੇ ਸਮੂਹ ਮੈਂਬਰਾਂ ਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਕਿ ਮਹੱਲਾ ਵਰਿੰਦਰ ਨਗਰ ਫਗਵਾੜਾ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤੇ ਕਮੇਟੀ ਦੇ ਪ੍ਰਧਾਨ ਰਾਣਾ,ਕੈਸ਼ੀਅਰ ਓਮ ਪ੍ਰਕਾਸ਼ ਪਾਲ ਅਤੇ ਹੋਰ ਮੈਂਬਰਾਂ ਨੇ ਕਿਹਾ ਕਿ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਪ੍ਰਧਾਨ ਰਵਿੰਦਰ ਸਿੰਘ ਰਾਏ ਅਤੇ ਚੇਅਰਮੈਨ ਜਤਿੰਦਰ ਸਿੰਘ ਖਾਲਸਾ ਜੀ ਅਗਵਾਈ ਵਿੱਚ ਸਮਾਜ ਸੇਵਾ ਦੀ ਅਤੇ ਸਾਹਿਤਕ ਕੰਮ ਕੀਤੇ ਜਾਂਦੇ ਹਨ। ਉਹਨਾਂ ਦੱਸਿਆ ਦੱਸਿਆ ਕਿ ਇਸ ਸਭਾ ਦੇ ਮੈਂਬਰਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂਪੁਰਬ ਵਿੱਚ ਵੀ ਵਿਸ਼ੇਸ਼ ਯੋਗਦਾਨ ਰਿਹਾ। ਉਹਨਾਂ ਨੇ ਸਭਾ ਦੇ ਸਮੂਹ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਪਹੁੰਚਣ ਤੇ ਜੀ ਆਇਆਂ ਕਿਹਾ ਅਤੇ ਧੰਨਵਾਦ ਵੀ ਕੀਤਾ।ਇਸ ਮੌਕੇ ਤੇ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸਮੂਹ ਸਾਧ ਸੰਗਤ ਅਤੇ ਇਲਾਕਾ ਨਿਵਾਸੀਆਂ ਨੂੰ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ। ਉਹਨਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨਾਲ ਜੁੜਨਾ ਚਾਹੀਦਾ ਹੈ ਅਤੇ ਸਾਨੂੰ ਗੁਰੂ ਰਵਿਦਾਸ ਜੀ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਗੁਰੂ ਜੀ ਨੇ ਜਾਤ ਪਾਤ ਭੇਦ ਭਾਵ ਅਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਸਾਰਾ ਜੀਵਨ ਸੰਘਰਸ਼ ਕੀਤਾ। ਇਸ ਕਰਕੇ ਸਾਨੂੰ ਉਹਨਾਂ ਦੇ ਦਰਸਾਏ ਮਾਰਗ ਤੇ ਚਲਣਾ ਚਾਹੀਦਾ ਹੈ ਅਤੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਦੇ ਡਾਇਰੈਕਟਰ ਡਾਕਟਰ ਐਸ. ਪੀ. ਮਾਨ, ਸੀਨੀਅਰ ਪ੍ਰੈਸ ਸਕੱਤਰ ਰਿਪੋਰਟਰ ਅਸ਼ੋਕ ਸ਼ਰਮਾ,ਚੇਅਰਮੈਨ ਜਤਿੰਦਰ ਸਿੰਘ ਖਾਲਸਾ, ਡਾਇਰੈਕਟਰ ਹੈਲਥ ਡਾਕਟਰ ਸਾਗਰ ਸਿੰਘ, ਪ੍ਰੈਸ ਸਕੱਤਰ ਪ੍ਰੀਤ ਕੌਰ ਪ੍ਰੀਤੀ, ਪੀ.ਆਰ.ਓ ਓਮ ਪ੍ਰਕਾਸ਼ ਪਾਲ, ਜਨਰਲ ਸਕੱਤਰ ਕਰਮ ਵੀਰ ਪਾਲ ਹੈਪੀ,ਸਹਾਇਕ ਪ੍ਰੈਸ ਸਕੱਤਰ ਲਵਪ੍ਰੀਤ ਸਿੰਘ ਰਾਏ, ਮੀਡੀਆ ਇੰਚਾਰਜ ਖੁਸ਼ਪ੍ਰੀਤ ਕੌਰ ਰਾਏ ਤੋਂ ਇਲਾਵਾ ਹੋਰ ਮੈਂਬਰ ਵੀ ਹਾਜ਼ਰ ਸਨ। ਇਸ ਅਵਸਰ ਤੇ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੀ ਤਸਵੀਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਂਟ ਕੀਤੀ ਗਈ।

# ਇੰਡੀਆਵੁਡ 2025, 6-9 ਮਾਰਚ ਨੂੰ ਆਯੋਜਿਤ ਕੀਤਾ ਜਾਵੇਗਾ

ਜਲੰਧਰ (ਲੋਕ ਬਾਣੀ)- ਉਦਯੋਗ ਵਿੱਚ ਉੱਨਤੀ ਅਤੇ ਵਿਕਾਸ ਦੇ ਇਕ ਚੌਥਾਈ ਸ਼ਤਕ ਨੂੰ ਚਿੰਨ੍ਹਿਤ ਕਰਦੇ ਹੋਏ, ਇੰਡੀਆਵੁਡ 2025, ਜੋ ਕਿ ਵੁੱਡਵਰਕਿੰਗ ਅਤੇ ਫਰਨੀਚਰ ਨਿਰਮਾਣ ਲਈ ਇੱਕ ਪ੍ਰਮੁੱਖ ਵਪਾਰ ਮੇਲਾ ਹੈ, 6-9 ਮਾਰਚ 2025 ਨੂੰ ਇੰਡੀਆ ਐਕਸਪੋ ਮਾਰਟ ਐਂਡ ਸੈਂਟਰ, ਗ੍ਰੇਟਰ ਨੋਏਡਾ, ਦਿੱਲੀ-ਐਨਸੀਆਰ ਵਿੱਚ ਆਯੋਜਿਤ ਕੀਤਾ ਜਾਵੇਗਾ। ਨਿਉਰਨਬਰਗਮੇਸੇ ਦੇ ਗਲੋਬਲ ਲੱਕੜੀ ਕੰਮ ਪੋਰਟਫੋਲਿਓ ਦਾ ਹਿੱਸਾ ਹੋਣ ਦੇ ਨਾਤੇ, ਇਹ ਵਿਸ਼ੇਸ਼ ਸੰਸਕਰਣ ਭਾਰਤ ਦੀ ਨਿਰਮਾਣ ਸ਼ਕਤੀ ਵਜੋਂ ਉਭਰਨ ਅਤੇ ਫਰਨੀਚਰ ਤੇ ਲੱਕੜੀ ਉਦਯੋਗ ਵਿੱਚ ਇੱਕ ਪ੍ਰਮੁੱਖ ਵਿਸ਼ਵ ਖਿਡਾਰੀ ਵਜੋਂ ਇਸ ਦੀ ਸਥਿਤੀ ਨੂੰ ਦਰਸਾਉਂਦਾ ਹੈ।

2025 ਵਿੱਚ 25.75 ਬਿਲੀਅਨ ਅਮਰੀਕੀ ਡਾਲਰ ਮੁੱਲ ਰੱਖਣ ਵਾਲਾ ਭਾਰਤੀ ਫਰਨੀਚਰ ਬਾਜ਼ਾਰ 2030 ਤੱਕ 37.18 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ। ਲੱਕੜੀ, ਫਰਨੀਚਰ ਉਤਪਾਦਨ ਦਾ 62% ਹਿੱਸਾ ਬਣਾਉਂਦੀ ਹੈ, ਅਤੇ ਇਹ ਉਦਯੋਗ ਨਵੇਂ ਆਵਿਸ਼ਕਾਰਾਂ ਅਤੇ ਟਿਕਾਊ ਵਿਕਾਸ ਦੀ ਪ੍ਰੇਰਣਾਵਾਨ ਬਦਲਾਵ ਦੀ ਪ੍ਰਕਿਰਿਆ ਵਿੱਚੋਂ ਗੁਜ਼ਰ ਰਿਹਾ ਹੈ - ਜਿਸ ਵਿੱਚੋਂ ਜ਼ਿਆਦਾਤਰ ਤਕਰੀਬਨ ਇੰਡੀਆਵੁਡ ਵਿੱਚ ਮਿਲਣ ਵਾਲੇ ਮੌਕਿਆਂ ਦੁਆਰਾ ਪ੍ਰੇਰਿਤ ਹੈ; ਸੋਨੀਆ ਪ੍ਰਸ਼ਰ, ਪ੍ਰਬੰਧਕ ਨਿਰਦੇਸ਼ਕ, ਨਿਉਰਨਬਰਗਮੇਸੇ ਇੰਡੀਆ ਨੇ ਕਿਹਾ।

ਇੰਡੀਆਵੁਡ 2025 ਲੱਕੜੀ ਕੰਮ ਅਤੇ ਫਰਨੀਚਰ ਨਿਰਮਾਣ ਦੇ ਪੂਰੇ ਖੇਤਰ ਵਿੱਚ ਪੇਸ਼ੇਵਰਾਂ ਨੂੰ ਜੋੜਨ ਲਈ ਕਈ ਵਿਸ਼ੇਸ਼ ਉਦਯੋਗੀ ਇਵੈਂਟ ਹੋਸਟ ਕਰੇਗਾ। ਮਾਰਚ 5 ਨੂੰ ਆਯੋਜਿਤ ਸਰਫੇਸ ਇਨ ਮੋਸ਼ਨ, ਸਤਹ ਤਕਨਾਲੋਜੀ ਅਤੇ ਡਿਜ਼ਾਈਨ ਟ੍ਰੈਂਡਜ਼ ਤੇ ਇਕ ਵਿਸ਼ਲੇਸ਼ਣਾਤਮਕ ਵਿਖੇ ਪ੍ਰਸਤੁਤ ਕਰੇਗਾ, ਜੋ ਕਿ ਲੱਕੜ-ਆਧਾਰਤ ਸਮੱਗਰੀਆਂ ਦੀ ਸੁੰਦਰਤਾ ਅਤੇ ਕਾਰਗੁਜ਼ਾਰੀ ਨੂੰ ਨਵੀਆਂ ਟੈਕਨੋਲੋਜੀ ਨਾਲ ਪੁਨਰ-ਆਕਾਰ ਦੇਣ ਵਾਲੇ ਆਵਿਸ਼ਕਾਰਾਂ ਉਤੇ ਰੌਸ਼ਨੀ ਪਾਏਗਾ।

# ਪੰਜਾਬ ਨੈਸ਼ਨਲ ਬੈਂਕ ਮਾਲੇਰਕੋਟਲਾ ਵਲੋਂ ਉਦਯੋਗਿਕ ਇਕਾਈਆਂ ਨੂੰ ਵਿੱਤੀ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਐਮ.ਐਸ.ਐਮ.ਈ ਪ੍ਰੋਗਰਾਮ ਤਹਿਤ ਵਿਸ਼ੇਸ਼ ਕੈਂਪ ਦਾ ਆਯੋਜਨ

ਮਾਲੇਰਕੋਟਲਾ (ਲੋਕ ਬਾਣੀ) ਸਥਾਨਕ ਪੰਜਾਬ ਨੈਸ਼ਨਲ ਬੈਂਕ ਵੱਲੋਂ ਸਥਾਨਕ ਮਾਲੇਰਕੋਟਲਾ ਕਲੱਬ ਵਿਖੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ (ਐਮ.ਐਸ.ਐਮ.ਈ) ਨੂੰ ਸਮਰਥਨ ਅਤੇ ਸ਼ਕਤੀਕਰਨ ਦੇ ਉਦੇਸ਼ ਨਾਲ ਇੱਕ ਐਮ.ਐਸ.ਐਮ.ਈ ਆਊਟਰੀਚ ਪ੍ਰੋਗਰਾਮ ਦਾ ਆਯੋਜ਼ਨ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਮੇਤ ਸਰਕਲ ਹੈੱਡ ਪੀ.ਐਨ.ਬੀ ਪਟਿਆਲਾ ਰਾਜੇਸ਼ ਅਰੌੜਾ, ਏ.ਜੀ. ਐਮ ਸਤੀਸ਼ ਬਜਾਜ, ਡੀ.ਸੀ.ਓ ਸਤੀਸ਼ ਅਹਲਾਵਤ, ਚੀਫ ਮੈਨੇਜਰ ਕੇ.ਐਲ ਗੁਲਾਟੀ,ਪ੍ਰਧਾਨ ਜ਼ਿਲਾ ਉਦਯੋਗ ਚੈਂਬਰ ਪੰਕਜ ਗੋਇਲ, ਪ੍ਰਧਾਨ ਰਾਜ ਉਦਯੋਗਿਕ ਵਿਕਾਸ ਨਿਗਮ ਸੰਜੀਵ ਸੂਦ ,ਪ੍ਰਮੋਦ ਜੈਨ. ਤੋਂ ਇਲਾਵਾ ਹੋਰ ਪੀਐਨਬੀ ਦੇ ਪ੍ਰਮੁੱਖ ਅਧਿਕਾਰੀਆਂ ਅਤੇ ਜ਼ਿਲ੍ਹੇ ਦੇ ਉੱਘੇ ਉੱਦਮੀਆਂ ਦੇ ਨਾਲ-ਨਾਲ ਬੈਂਕ ਦੇ ਸੰਭਾਵੀ ਅਤੇ ਮੌਜੂਦਾ ਗਾਹਕ ਸ਼ਾਮਲ ਹੋਏ।

ਇਸ ਆਊਟਰੀਚ ਪ੍ਰੋਗਰਾਮ ਦੇ ਆਯੋਜਨ ਕਰਨ ਦਾ ਮਨੋਰਥ ਵਿੱਤੀ ਸਮਾਵੇਸ਼ ਅਤੇ ਕਾਰੋਬਾਰੀ ਵਿਕਾਸ ਨੂੰ ਵਧਾਉਣ ਲਈ ਸਹਿਜ ਕ੍ਰੈਡਿਟ ਪਹੁੰਚ, ਸਲਾਹਕਾਰ ਪ੍ਰੋਗਰਾਮਾਂ ਅਤੇ ਡਿਜੀਟਲ ਬੈਂਕਿੰਗ ਹੱਲਾਂ ਦੀ ਪੇਸ਼ਕਸ਼ ਕਰਕੇ ਇਸ ਸੈਕਟਰ ਨੂੰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਣਾ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਨੇ ਸਥਾਨਕ ਉੱਦਮੀਆਂ ਨੂੰ ਵਿੱਤੀ ਸਹਾਇਤਾ, ਮਾਰਗਦਰਸ਼ਨ ਅਤੇ ਅਨੁਕੂਲਿਤ ਬੈਂਕਿੰਗ ਹੱਲ ਪ੍ਰਦਾਨ ਕਰਨ ਲਈ ਆਯੋਜਿਤ ਆਊਟਰੀਚ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਐਮ.ਐਸ.ਐਮ.ਈ ਇੰਡਸਟਰੀ ਨੂੰ ਕੰਮ ਕਰਨ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ ਹੈ ਤੇ ਉਦਯੋਗਿਕ ਇਕਾਈਆਂ ਨੂੰ ਆਉਂਦੀ ਕਿਸੇ ਵੀ ਸਮੱਸਿਆ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨਵੇਂ ਉਦਮ, ਕਾਰੋਬਾਰ ਸਮੇਤ ਛੋਟੀਆਂ-ਵੱਡੀਆਂ ਸਨਅਤਾਂ ਦੀ ਸ਼ੁਰੂਆਤ ਕਰਨ ਦੇ ਚਾਹਵਾਨ ਉਦਮੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਇਸ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਕਰਨ ਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਆਰਥਿਕ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ ਵਿੱਚ ਐਮ.ਐਸ.ਐਮ.ਈਜ਼ ਦੀ ਅਹਿਮ ਭੂਮਿਕਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ । ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਜ਼ਿਲ੍ਹਾ ਨਿਵਾਸੀਆਂ ਲਈ ਆਪਣੇ ਕਾਰੋਬਾਰਾਂ ਦੀ ਸਥਾਪਨਾ ਅਤੇ ਵਿਸਤਾਰ ਲਈ ਵਪਾਰਕ ਵਿੱਤੀ ਸਹਾਇਤਾਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਪੇਸ਼ ਕਰਦਾ ਹੈ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਛੱਤਾਂ ਤੇ ਸੋਲਰ ਊਰਜਾ ਲਗਾਉਣ ਲਈ ਪ੍ਰੇਰਿਤ ਕੀਤਾ ਅਤੇ ਛੱਤਾਂ ਤੇ ਸੋਲਰ ਊਰਜਾ ਅਪਣਾਉਣ ਲਈ ਵਿੱਤੀ ਸਹਾਇਤਾ ਮੁਹੱਈਆਂ ਕਰਵਾਉਣ ਲਈ ਪੀਐਨਬੀ ਦੀ ਸਲਾਘਾ ਵੀ ਕੀਤੀ ।



ਇਸ ਮੌਕੇ ਬੈਂਕ ਦੇ ਸੀਨੀਅਰ ਅਧਿਕਾਰੀਆਂ ਨੇ ਵੱਖ-ਵੱਖ ਐਮ.ਐਸ.ਐਮ.ਈ ਲੋਨ ਸਕੀਮਾਂ, ਡਿਜੀਟਲ ਬੈਂਕਿੰਗ ਸੇਵਾਵਾਂ, ਅਤੇ ਸਰਕਾਰ ਵਲੋਂ ਉਦਯੋਗਿਕ ਇਕਾਈਆਂ ਨੂੰ ਪ੍ਰਫੁਲੱਤ ਕਰਨ ਲਈ ਚਲਾਈਆਂ ਜਾ ਰਹੀਆਂ ਵਿੱਤੀ ਸਕੀਮਾਂ ਦਾ ਲਾਭ ਉਠਾਉਣ ਅਤੇ ਕਾਰੋਬਾਰ ਦੇ ਵਿਸਥਾਰ ਤੇ ਸਥਿਰਤਾ ਲਈ ਵਿੱਤੀ ਸਾਖਰਤਾ ਪ੍ਰਦਾਨ ਕੀਤੀ । ਕਈ ਲਾਭਪਾਤਰੀਆਂ ਨੇ ਪੀ.ਐਨ.ਬੀ ਦੇ ਅਨੁਕੂਲਿਤ ਸਹਾਇਤਾ ਦੇ ਪ੍ਰਭਾਵ ਤੇ ਜ਼ੋਰ ਦਿੰਦੇ ਹੋਏ, ਆਪਣੀਆਂ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਜ਼ਿਲ੍ਹੇ ਦੇ ਕਰੀਬ 45 ਲਾਭਪਾਤਰੀਆਂ ਕਰੀਬ 60 ਕਰੋੜ ਰੁਪਏ ਦੀ ਵਿੱਤੀ ਸਹਾਇਤਾਂ ਦੇ ਮਨਜ਼ੂਰੀ ਪੱਤਰ ਤਕਸ਼ੀਮ ਕੀਤੇ ਗਏ ਇਸ ਮੌਕੇ ਚੀਫ ਮੈਨੇਜ਼ਰ ਕ੍ਰਿਸ਼ਨ ਗੁਲਾਟੀ ਨੇ ਬੈਂਕ ਗਾਹਕਾਂ ਨੂੰ ਵੀ ਅਪੀਲ ਕੀਤੀ ਕਿ ਜਿਨ੍ਹਾਂ ਨੇ ਕਿਸੇ ਬੈਂਕ ਜਾਂ ਵਿੱਤੀ ਸੰਸਥਾ ਤੋਂ ਵਪਾਰਕ ਕਰਜ਼ੇ ਲਏ ਹਨ, ਉਹ ਆਪਣੀਆਂ ਮੌਜੂਦਾ ਲੋਨ ਦੀਆਂ ਵਿਆਜ ਦਰਾਂ ਅਤੇ ਖਾਤਿਆਂ ਦੀ ਸਟੇਟਮੈਂਟ ਪੀਐਨਬੀ ਨਾਲ ਸਾਂਝਾ ਕਰਕੇ ਬਿਹਤਰ ਵਿਆਜ ਦਰਾਂ ਦਾ ਲਾਭ ਉਠਾ ਸਕਦੇ ਹਨ ਅਤੇ ਆਪਣੇ ਲੋਨ ਖਾਤਿਆਂ ਨੂੰ ਪੰਜਾਬ ਨੈਸ਼ਨਲ ਬੈਂਕ ਵਿੱਚ ਟ੍ਰਾਂਸਫਰ ਕਰ ਸਕਦੇ ਹਨ, ਸੰਭਾਵੀ ਤੌਰ ਤੇ ਵਿਆਜ ਭੁਗਤਾਨਾਂ ਤੇ ਹਜ਼ਾਰਾਂ ਰੁਪਏ ਦੀ ਬਚਤ ਕਰ ਸਕਦੇ ਹਨ।ਇਸ ਮੌਕੇ ਪ੍ਰਧਾਨ ਮੰਤਰੀ ਵਿਸ਼ਵਕਰਮਾ, ਸਵੈਨਿਧੀ ਅਤੇ ਮੁਦਰਾ ਸਮੇਤ ਵੱਖ-ਵੱਖ ਵਿੱਤੀ ਕਰਜ਼ਾ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਕਾਰੋਬਾਰੀਆਂ ਅਤੇ ਨਵੇਂ ਉਦਯੋਗ ਸਥਾਪਿਤ ਕਰਨ ਦੇ ਚਾਹਵਾਨਾਂ ਨੂੰ ਵਿੱਤੀ ਚਿੰਤਾਵਾਂ ਨੂੰ ਹੱਲ ਕਰਨ, ਕ੍ਰੈਡਿਟ ਸਹੂਲਤਾਂ, ਸਬਸਿਡੀਆਂ ਅਤੇ ਨਿਵੇਸ਼ ਰਣਨੀਤੀਆਂ ਤੇ ਮਾਹਰ ਮਾਰਗਦਰਸ਼ਨ ਲੈਣ ਦਾ ਮੌਕਾ ਵੀ ਮਿਲਿਆ।

# ਸਪਾਂਸਰਸ਼ਿਪ ਅਤੇ ਫੋਸਟਰ ਕੇਅਰ ਸਕੀਮ ਦਾ 44 ਹੋਰ ਬੱਚਿਆਂ ਨੂੰ ਮਿਲੇਗਾ ਲਾਭ : ਸਹਾਇਕ ਕਮਿਸ਼ਨਰ



ਮਾਲੇਰਕੋਟਲਾ (ਲੋਕ ਬਾਣੀ) ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਦੀ ਅਗਵਾਈ ਹੇਠ ਸਪਾਂਸਰਸ਼ਿਪ ਅਤੇ ਫੋਸਟਰ ਕੇਅਰ ਜ਼ਿਲ੍ਹਾ ਪੱਧਰੀ ਅਪਰੂਵਲ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ 46 ਨਵੇਂ ਬੱਚਿਆਂ ਨੂੰ ਸਪਾਂਸਰਸ਼ਿਪ ਸਕੀਮ ਦਾ ਲਾਭ ਦੇਣ ਸਬੰਧੀ ਕੇਸਾਂ ਜ਼ਿਲ੍ਹਾ ਪੱਧਰੀ ਕਮੇਟੀ ਕੋਲ ਰੱਖੇ ਗਏ ਜਿਨ੍ਹਾਂ ਵਿੱਚ 44 ਕੇਸਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਸਕੀਮ ਅਧੀਨ ਬੱਚਿਆ ਨੂੰ 4000 ਰੁਪਏ ਮਹੀਨਾ ਦਿੱਤਾ ਜਾ ਦਾ ਹੈ।ਪਹਿਲਾ ਤੋਂ ਜ਼ਿਲ੍ਹੇ ਵਿੱਚ 80 ਬੱਚਿਆ ਨੂੰ ਇਸ ਸਕੀਮ ਦਾ ਲਾਭ ਦਿੱਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਅਸਲ ਲੋੜਵੰਦਾਂ ਦੀ ਮਦਦ ਕਰਨ ਲਈ ਵਚਨਬੱਧ ਹੈ ਤੇ ਸਰਕਾਰ ਦੀਆਂ ਭਲਾਈ ਸਕੀਮਾਂ ਨੂੰ ਅਸਲ ਲੋੜਵੰਦਾਂ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਕੀਮ ਦਾ ਵੱਖ ਵੱਖ ਮਾਧਿਅਮਾਂ ਰਾਹੀ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ ਤਾਂ ਜੋ ਜ਼ਰੂਰਤਮੰਦ ਬੱਚਿਆਂ ਨੂੰ ਇਸ ਸਕੀਮ ਦਾ ਜ਼ਿਆਦਾ ਤੋਂ ਜ਼ਿਆਦਾ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਜੇਕਰ ਕੋਈ ਅਜਿਹੇ ਕੇਸ ਜੋ ਸਪਾਂਸਰਸ਼ਿਪ ਸਕੀਮ ਦੀਆ ਸ਼ਰਤਾਂ ਪੂਰੀਆਂ ਕਰਦੇ ਹੋਣ ਤਾਂ ਉਹ ਕੇਸ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਮਾਲੇਰਕੋਟਲਾ ਨੂੰ ਰੈਫ਼ਰ ਕੀਤੇ ਜਾਣ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆ ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ੍ਰੀਮਤੀ ਹਰਪ੍ਰੀਤ ਕੌਰ ਵੱਲੋਂ ਸਪਾਂਸਰਸ਼ਿਪ ਅਤੇ ਫੋਸਟਰ ਕੇਅਰ ਸਕੀਮ ਅਤੇ ਨਵੇਂ ਆਏ ਜਰੂਰਤਮੰਦ ਬੱਚਿਆਂ ਦੇ ਕੇਸਾਂ ਬਾਰੇ ਵਿਸਥਾਰ ਪੂਰਵਕ ਦੱਸਦਿਆ ਦੱਸਿਆ ਕਿ ਸਪਾਂਸਰਸ਼ਿਪ ਅਤੇ ਫੋਸਟਰ ਕੇਅਰ ਅਪਰੂਵਲ ਕਮੇਟੀ ਵੱਲੋਂ ਜ਼ਿਲ੍ਹੇ ਵਿੱਚ 0 ਤੋਂ 18 ਸਾਲ ਅਜਿਹੇ ਬੱਚੇ ਜਿਨ੍ਹਾਂ ਦੀ ਮਾਤਾ ਵਿਧਵਾ/ਤਲਾਕਸ਼ੁਦਾ ਹੋਵੇ ਜਾ ਬੱਚੇ ਲਾਵਾਰਿਸ ਛੱਡ ਦਿੱਤੇ ਗਏ ਹੋਣ, ਜਿੰਨਾ ਬੱਚਿਆਂ ਦੇ ਮਾਤਾ ਪਿਤਾ ਜਾਨਲੇਵਾ/ਖ਼ਤਰਨਾਕ ਬਿਮਾਰੀ ਦਾ ਸ਼ਿਕਾਰ ਹਨ, ਮਾਤਾ-ਪਿਤਾ ਵਿੱਤੀ ਅਤੇ ਸਰੀਰਕ ਤੌਰ ਤੇ ਬੱਚਿਆਂ ਦੀ ਦੇਖਭਾਲ ਕਰਨ ਵਿੱਚ ਅਸਮਰਥ ਹਨ, ਜੇ.ਜੇ ਐਕਟ, 2015 ਦੇ ਅਨੁਸਾਰ ਦੇਖਭਾਲ ਅਤੇ ਸੁਰੱਖਿਆ ਦੀ ਲੋੜ ਵਾਲੇ ਬੱਚੇ ਜਿਵੇਂ ਕਿ ਬੇਘਰ, ਕੁਦਰਤੀ

# ਚੱਕ ਹਕੀਮ ਮੰਦਿਰ ਵਿਖੇ ਰਿਲੀਜ਼ ਕੀਤਾ ਸ਼੍ਰੀ ਗੁਰੂ ਰਵਿਦਾਸ ਦਰਪਣ ਦਾ 22ਵਾਂ ਅੰਕ



ਫਗਵਾੜਾ ( ਸੁਸ਼ੀਲ ਸ਼ਰਮਾ ) ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਉਤਸਵ ਸਬੰਧੀ ਸੋਵੀਨਰ ਸ਼੍ਰੀ ਗੁਰੂ ਰਵਿਦਾਸ ਦਰਪਣ ਦਾ 22ਵਾਂ ਅੰਕ ਅੱਜ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਵਿੱਚ ਕਰਵਾਏ ਪ੍ਰਕਾਸ਼ ਉਤਸਵ ਸਮਾਗਮ ਰੀਲਿਜ਼ ਕੀਤਾ ਗਿਆ। ਮੁੱਖ ਸੰਪਾਦਕ ਜਗਜੀਤ ਸਿੰਘ ਚਾਨਾ ਨੇ ਦੱਸਿਆ ਕਿ ਇਸ ਸੋਵੀਨਰ ਦਾ ਮੁੱਖ ਮਕਸਦ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਤੇ ਜੀਵਨ ਫਲਸਫੇ ਨੂੰ ਸੰਗਤਾਂ ਤੱਕ ਪਹੁੰਚਾਉਣਾ ਹੈ ਇਸ ਵਿੱਚ ਵਿੱਚ ਗੁਰੂ ਰਵਿਦਾਸ ਬਾਣੀ ਦੇ ਚੋਣਵੇ ਚਿੰਤਕਾਂ ਅਤੇ ਬੁੱਧੀਜੀਵੀਆਂ ਲਿਖਾਰੀਆਂ ਦੇ ਲੇਖ ਸ਼ਾਮਿਲ ਹਨ।

ਦੱਸਣ ਯੋਗ ਹੈ ਕਿ ਇਹ ਸੋਵੀਨਰ 2004 ਤੋਂ ਹਰ ਸਾਲ ਬਿਨਾਂ ਭੇਟਾ ਸੰਗਤਾਂ ਵਿੱਚ ਵੰਡਿਆ ਜਾਂਦਾ ਹੈ। ਇਸ ਮੌਕੇ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ (ਰਜ਼ਿ) ਦੇ ਅਹੁਦੇਦਾਰਾਂ ਨੇ ਇਸ ਉੱਦਮ ਦੀ ਸਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਸ਼੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦਾ ਪ੍ਰਸਾਰ ਹੋਵੇਗਾ। ਰੀਲਿਜ਼ ਸਮਾਗਮ ਮੌਕੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ, ਪ੍ਰਬੰਧਕ ਕਮੇਟੀ ਪ੍ਰਧਾਨ ਦਵਿੰਦਰ ਕੁਲਥਮ, ਸਕੱਤਰ ਅਸ਼ੋਕ ਭਾਟੀਆ, ਬਲਦੇਵ ਕੋਮਲ, ਮੁੱਖ ਸੰਪਾਦਕ ਜਗਜੀਤ ਸਿੰਘ ਚਾਨਾ, ਪ੍ਰਵੀਨ ਬੰਗਾ, ਪ੍ਰਿੰਸੀਪਲ ਸੁਰਿੰਦਰ ਪਾਲ, ਪ੍ਰਿੰਸੀਪਲ ਸਤਪਾਲ ਸੋਢੀ, ਹੰਸਰਾਜ ਬੰਗੜ, ਹਰਭਜਨ ਲਾਲ, ਬਲਵੀਰ ਸਿੰਘ, ਲਲਿਤ ਸਕਲਾਨੀ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ, ਸਲਾਹਕਾਰ ਸਲਵਿੰਦਰ ਜੱਸੀ, ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ, ਸੀਟੂ ਬਾਈ, ਯਸ਼ ਬਰਨਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐੱਸ.ਡੀ.ਐੱਮ. ਦਫ਼ਤਰ ਦੀਨਾਨਗਰ ਵਿਖੇ ਵਾਲ ਆਫ਼ ਫੇਮ ਸਥਾਪਤ




ਦੀਨਾਨਗਰ, ( ਡਾ ਰਮੇਸ਼ ਸਰੰਗਲ. ) - ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐੱਸ.ਡੀ.ਐੱਮ. ਦਫ਼ਤਰ ਦੀਨਾਨਗਰ ਵਿਖੇ ਵਾਲ ਆਫ਼ ਫੇਮ ਸਥਾਪਤ ਕੀਤੀ ਗਈ ਹੈ, ਜਿਸ ਦਾ ਉਦਘਾਟਨ ਅੱਜ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਦੀਨਾਨਗਰ ਸ੍ਰੀ ਜਸਪਿੰਦਰ ਸਿੰਘ ਭੁੱਲਰ, ਡੀ.ਐੱਸ.ਪੀ. ਸ੍ਰੀ ਦਿਲਪ੍ਰੀਤ ਸਿੰਘ, ਤਹਿਸੀਲਦਾਰ ਸ੍ਰੀ ਅਭਿਸ਼ੇਕ ਵਰਮਾ, ਐੱਸ.ਐੱਸ. ਐੱਮ ਕਾਲਜ ਦੀਨਾਨਗਰ ਦੇ ਡੀਨ ਸਟੂਡੈਂਟ ਵੈੱਲਫੇਅਰ ਸ੍ਰੀ ਪ੍ਰਬੋਧ ਗਰੋਵਰ, ਸ੍ਰੀ ਨੋਹਿਤ ਸ਼ਰਮਾ ਸਮੇਤ ਹੋਰ ਅਧਿਕਾਰੀ ਅਤੇ ਸਮਾਜ ਸੇਵੀ ਵੀ ਹਾਜ਼ਰ ਸਨ।

ਐੱਸ.ਡੀ.ਐੱਮ. ਦਫ਼ਤਰ ਦੀਨਾਨਗਰ ਵਿਖੇ ਵਾਲ ਆਫ਼ ਫੇਮ ਦਾ ਉਦਘਾਟਨ ਕਰਨ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਬਸ਼ਿੰਦਿਆਂ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਮੱਲ੍ਹਾਂ ਮਾਰੀਆਂ ਹਨ ਜੋ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕਿਹਾ ਕਿ ਅੱਜ ਐੱਸ.ਡੀ.ਐੱਮ. ਦਫ਼ਤਰ ਦੀਨਾਨਗਰ ਵਿਖੇ ਸਥਾਪਿਤ ਵਾਲ ਆਫ਼ ਫੇਮ ਉੱਪਰ ਦੀਨਾਨਗਰ ਤਹਿਸੀਲ ਨਾਲ ਸਬੰਧਿਤ ਵੱਖ-ਵੱਖ ਖੇਤਰਾਂ ਵਿੱਚ ਮੱਲ੍ਹਾਂ ਮਾਰਨ ਵਾਲੀਆਂ ਹਸਤੀਆਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਡਾ. ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ. ਜੋ ਇਸ ਸਮੇਂ ਵਧੀਕ ਡਿਪਟੀ ਕਮਿਸ਼ਨਰ ਜਨਰਲ, ਗੁਰਦਾਸਪੁਰ, ਸ੍ਰੀ ਰਜਿੰਦਰ ਕਸ਼ਯਪ ਸਾਬਕਾ ਆਈ.ਏ.ਐੱਸ ਅਧਿਕਾਰੀ, ਡਾ. ਗੁਲਜ਼ਾਰ ਚੀਮਾ ਐੱਮ.ਐੱਲ.ਏ ਕੈਨੇਡਾ, ਭਾਰਤੀ ਫ਼ੌਜ ਦੇ ਲੈਫ਼ਟੀਨੈਂਟ ਕਰਨਲ ਡਾ. ਅੰਕੁਸ਼ ਮਲਹੋਤਰਾ, ਬੀ.ਐੱਸ.ਐੱਫ ਅਧਿਕਾਰੀ ਰਜਨੀਸ਼ ਕਸ਼ਯਪ, ਡਾ. ਮਨਪ੍ਰੀਤ ਕੌਰ ਅਸਿਸਟੈਂਟ ਕਮਾਡੈਂਟ ਮੈਡੀਕਲ ਅਫ਼ਸਰ ਬੀ.ਐੱਸ.ਐੱਫ਼, ਉੱਘੇ ਲੋਕ ਗਾਇਕ ਸ੍ਰੀ ਜਸਬੀਰ ਜੱਸੀ, ਸ੍ਰੀ ਅਮਨਦੀਪ ਸਿੰਘ ਘੁੰਮਣ ਸਿਵਲ ਜੱਜ, ਮਿਸ ਦਿਵਿਯਾਨੀ ਲੂਥਰਾ ਸਿਵਲ ਜੱਜ, ਸ੍ਰੀ ਲਵਕੇਸ਼ ਸੈਣੀ ਡੀ.ਐੱਸ.ਪੀ. ਗੁਰਦਾਸਪੁਰ, ਸ੍ਰੀ ਮਨਦੀਪ ਸਿੰਘ ਸੈਣੀ ਨਾਇਬ ਤਹਿਸੀਲਦਾਰ, ਸ੍ਰੀਮਤੀ ਪ੍ਰਿਯੰਕਾ ਨਈਅਰ ਸਾਇੰਸਦਾਨ, ਡਾ. ਕਰਨਦੀਪ ਸਿੰਘ ਬੇਦੀ ਮੈਡੀਕਲ ਅਫ਼ਸਰ, ਸ੍ਰੀ ਹਰਿੰਦਰ ਸਿੰਘ ਅਧਿਕਾਰੀ ਭਾਰਤੀ ਫ਼ੌਜ, ਸ੍ਰੀ ਮੋਹਿਤ ਸ਼ਰਮਾ ਉੱਘੇ ਬਿਜ਼ਨਸਮੈਨ, ਸ੍ਰੀਮਤੀ ਰਚਨਾ ਕਸ਼ਯਪ ਸਬ ਇੰਸਪੈਕਟਰ ਪੰਜਾਬ ਪੁਲਿਸ ਦੀਆਂ ਤਸਵੀਰਾਂ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਇਸ ਵਾਲ ਆਫ਼ ਫੇਮ ਉੱਪਰ ਇੱਕ ਫ਼ੋਟੋ ਫਰੇਮ ਖ਼ਾਲੀ ਰੱਖਿਆ ਗਿਆ ਹੈ ਜੋ ਨੌਜਵਾਨ ਲੜਕੇ-ਲੜਕੀਆਂ ਨੂੰ ਪ੍ਰੇਰਿਤ ਕਰੇਗਾ ਕਿ ਉਹ ਵੀ ਅੱਗੇ ਵਧਣ ਤਾਂ ਜੋ ਇਸ ਖ਼ਾਲੀ ਫਰੇਮ ਵਿੱਚ ਉਨ੍ਹਾਂ ਦੀ ਤਸਵੀਰ ਲੱਗ ਸਕੇ।

ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੀ ਜ਼ਿਲ੍ਹੇ ਦੀਆਂ ਮਾਣਮੱਤੀਆਂ ਧੀਆਂ ਦੀਆਂ ਤਸਵੀਰਾਂ ਪਿੰਕ ਵਾਲ ਆਫ਼ ਫੇਮ ਉੱਪਰ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਮੱਲ੍ਹਾਂ ਮਾਰਨ ਵਾਲੀਆਂ ਇਨ੍ਹਾਂ ਸਾਰੀਆਂ ਹਸਤੀਆਂ ਉੱਪਰ ਪੂਰੇ ਜ਼ਿਲ੍ਹੇ ਨੂੰ ਮਾਣ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਇਹ ਉਪਰਾਲੇ ਨੌਜਵਾਨ ਵਰਗ ਨੂੰ ਅੱਗੇ ਵਧਣ ਦੀ ਪ੍ਰੇਰਨਾ ਦੇਣ ਵਿੱਚ ਸਹਾਈ ਹੋਣਗੇ।

# ਸਰਕਾਰੀ ਬਹੁਤ ਤਕਨੀਕੀ ਕਾਲਜ ਵਿਖੇ ਪੇਸਮੈਂਟ ਡਰਾਈਵ ਦਾ ਆਯੋਜਨ




ਅੰਮ੍ਰਿਤਸਰ (ਲੋਕ ਬਾਣੀ)- ਸਰਕਾਰੀ ਬਹੁਤਕਨੀਕੀ ਕਾਲਜ ਅੰਮ੍ਰਿਤਸਰ ਵਿਖੇ ਵਿਸ਼ਵ ਪ੍ਰਸਿੱਧ ਕੰਪਨੀ ਓ.ਸੀ.ਐਮ. (ਡੋਨਨੀਅਰ ਗਰੁੱਪ) ਵੱਲੋਂ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਅਗਵਾਈ ਹੇਠ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਗਿਆ। ਇਸ ਪਲੇਸਮੈਂਟ ਡਰਾਈਵ ਲਈ ਓ.ਸੀ.ਐਮ. ਵੱਲੋਂ ਅਮਿਤ ਕੁਮਾਰ ਮੈਨੇਜਰ ਐਚ.ਆਰ. ਐਂਡ ਐਡਮਨ ਕਾਲਜ ਵਿਖੇ ਹਾਜ਼ਰ ਹੋਏ। ਇਸ ਸਬੰਧੀ ਸੰਸਥਾ ਦੇ ਪੀਆਰਓ ਡਾਕਟਰ ਰਘਬੀਰ ਸਿੰਘ ਅਤੇ ਏਪੀਆਰਓ ਸੁਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੰਤਵ ਲਈ ਜ਼ਿਲ੍ਹੇ ਦੀਆਂ ਹੋਰ ਤਕਨੀਕੀ ਸੰਸਥਾਵਾਂ ਤੋ ਵੱਖ ਵੱਖ ਵਿਦਿਆਰਥੀਆਂ ਨੇ ਨੌਕਰੀ ਪ੍ਰਾਪਤ ਕਰਨ ਲਈ ਪਲੇਸਮੈਂਟ ਡਰਾਈਵ ਵਿੱਚ ਹਿੱਸਾ ਲਿਆ ਜਿਨਾਂ ਵਿੱਚੋਂ ਅੱਠ ਵਿਦਿਆਰਥੀਆਂ ਦੀ ਚੋਣ ਸਾਡੇ ਤਿੰਨ ਲੱਖ (3.1 ★▲⇧★) ਸਲਾਨਾ ਪੈਕੇਜ ਤੇ ਪਹਿਲੇ ਸਾਲ ਲਈ ਇਸ ਨਾਮੀ ਕੰਪਨੀ ਵਿੱਚ ਹੋਈ। ਇਸ ਮੌਕੇ ਤੇ ਪ੍ਰਿੰਸੀਪਲ ਭੱਟੀ ਵੱਲੋਂ ਚੁਣੇ ਗਏ ਵਿਦਿਆਰਥੀਆਂ ਅਤੇ ਉਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ ਅਤੇ ਕੰਪਨੀ ਦੇ ਨੁਮਾਇੰਦਿਆਂ ਦਾ ਉਚੇਚੇ ਤੌਰ ਤੇ ਪਹੁੰਚਣ ਲਈ ਧੰਨਵਾਦ ਕੀਤਾ। ਪ੍ਰਿੰਸੀਪਲ ਵੱਲੋਂ ਕਿਹਾ ਗਿਆ ਕਿ ਪਿਛਲੇ ਕਈ ਦਹਾਕਿਆਂ ਤੋਂ ਇਹ ਸੰਸਥਾ ਨੇ ਵੱਖ-ਵੱਖ ਖੇਤਰਾਂ ਵਿੱਚ ਕਾਫੀ ਨਾਮਨਾ ਖਟਿਆ ਹੈ ਅਤੇ ਬਹੁਤ ਸਾਰੇ ਵਿਦਿਆਰਥੀ ਸੰਸਥਾ ਵਿੱਚ ਪੜਨ ਉਪਰੰਤ ਸਰਕਾਰੀ ਅਤੇ ਨਿੱਜੀ ਅਦਾਰਿਆਂ ਵਿੱਚ ਸੇਵਾਵਾਂ ਦੇ ਕੇ ਆਪਣਾ, ਆਪਣੇ ਮਾਪਿਆਂ ਦਾ ਅਤੇ ਸੰਸਥਾ ਦਾ ਨਾਮ ਰੋਸ਼ਨ ਕਰ ਰਹੇ ਹਨ। ਇਸ ਮੌਕੇ ਕਾਲਜ ਦੇ ਪਲੇਸਮੈਂਟ ਅਫਸਰ ਹਰਵਿੰਦਰ ਸਿੰਘ, ਡਾਕਟਰ ਹਰਪ੍ਰੀਤ ਸਿੰਘ ਸੋਚ, ਸਤੀਸ਼ ਕੁਮਾਰ ਥਾਪਾ, ਮੈਡਮ ਪ੍ਰਭਜੀਤ ਕੌਰ, ਸਮਿੱਤਰ ਬੀਰ ਸਿੰਘ, ਅਮਨਪ੍ਰੀਤ ਸਿੰਘ, ਪ੍ਰਭਾਤ ਜੋਸ਼ੀ, ਗੁਰਮੀਤ ਕੌਰ,ਪ੍ਰਦੀਪ ਦੀਕਸ਼ਤ ਰੋਹਿਤ ਕੁਮਾਰ, ਗੁਰਮੁਖ ਸਿੰਘ, ਦਵਿੰਦਰ ਸਿੰਘ ਅਲਗੋ, ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਤੋਂ ਹੁਨਰਬੀਰ ਸਿੰਘ,ਪੀ.ਆਈ.ਟੀ.ਟੀ. ਤੋਂ ਨਰੇਸ਼ ਕੁਮਾਰ ਆਦਿ ਹਾਜ਼ਰ ਸਨ

# ਐਮਐਸਐਮਈ ਅਸਲ ਵਿੱਚ ਉਹ ਪਹੀਆ ਹੈ ਜੋ ਆਰਥਿਕਤਾ ਨੂੰ ਤੇਜ਼ ਰਫ਼ਤਾਰ ਨਾਲ ਚਲਾਉਂਦਾ ਹੈ-ਡਿਪਟੀ ਕਮਿਸ਼ਨਰ

ਅੰਮ੍ਰਿਤਸਰ (ਲੋਕ ਬਾਣੀ)- ਪੰਜਾਬ ਨੈਸ਼ਨਲ ਬੈਂਕ, ਡਿਵੀਜ਼ਨਲ ਦਫ਼ਤਰ,ਅੰਮ੍ਰਿਤਸਰ ਨੇ ਹੋਟਲ ਸ਼ਿਊਰ ਸਟੇਅ, ਡੀ ਬਲਾਕ,ਰਣਜੀਤ ਐਵੇਨਿਊ ਵਿਖੇ ਐਮਐਸਐਮਈ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਕੀਤਾ। ਜਿਸ ਵਿੱਚ ਸਾਕਸ਼ੀ ਸਾਹਨੀ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਮੁੱਖ ਮਹਿਮਾਨ ਵਜੋਂ ਅਤੇ ਰਾਜੇਸ਼ ਕੁਮਾਰ, ਜਨਰਲ ਮੈਨੇਜਰ,ਪੀਐਨਬੀ ਮੁੱਖ ਦਫ਼ਤਰ ਅਤੇ ਗੁਰ ਇਕਬਾਲ ਸਿੰਘ, ਏਜੀਐਮ, ਜ਼ਿਲ੍ਹਾ ਉਦਯੋਗ ਕੇਂਦਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।



ਇਸ ਮੌਕੇ ਪੀਐਨਬੀ ਜ਼ੋਨਲ ਦਫ਼ਤਰ ਅੰਮ੍ਰਿਤਸਰ ਤੋਂ ਡਿਪਟੀ ਜ਼ੋਨਲ ਮੁਖੀ ਸ੍ਰੀ ਬੌਬੀ ਤੰਵਰ ਮੌਜੂਦ ਸਨ।

ਸਭ ਤੋਂ ਪਹਿਲਾਂ ਡਿਪਟੀ ਕਮਿਸ਼ਨਰ, ਜਨਰਲ ਮੈਨੇਜਰ ਡਿਪਟੀ ਜ਼ੋਨਲ ਹੈੱਡ ਅਤੇ ਡਿਵੀਜ਼ਨਲ ਹੈੱਡ ਨੇ ਦੀਪ ਜਗਾਇਆ ਅਤੇ ਫਿਰ ਲਾਲਾ ਲਾਜਪਤ ਰਾਏ ਦੀ ਮੂਰਤੀ ਨੂੰ ਫੁੱਲ ਭੇਟ ਕੀਤੇ ਅਤੇ ਪ੍ਰੋਗਰਾਮ ਦਾ ਰਸਮੀ ਉਦਘਾਟਨ ਕੀਤਾ। ਇਸ ਤੋਂ ਬਾਅਦ, ਬ੍ਰਜੇਸ਼ ਕੁਮਾਰ ਯਾਦਵ, ਡਿਵੀਜ਼ਨਲ ਹੈੱਡ (ਡੀਜੀਐਮ) ਅੰਮ੍ਰਿਤਸਰ ਨੇ ਸ਼੍ਰੀਮਤੀ ਸਾਹਨੀ, ਰਾਜੇਸ਼, ਤੰਵਰ ਅਤੇ ਗੁਰ ਇਕਬਾਲ ਦਾ ਬੂਟੇ ਦੇ ਕੇ ਸਵਾਗਤ ਕੀਤਾ।

ਡੀਜੀਐਮ ਯਾਦਵ ਨੇ ਦੱਸਿਆ ਕਿ ਪੰਜਾਬ ਨੈਸ਼ਨਲ ਬੈਂਕ ਅੱਜ ਦੇਸ਼ ਭਰ ਦੇ ਲਗਭਗ 150 ਕੇਂਦਰਾਂ ਤੇ ਐਮਐਸਐਮਈ ਮੇਲਾ ਲਗਾ ਰਿਹਾ ਹੈ ਅਤੇ ਇਸੇ ਲੜੀ ਵਿੱਚ, ਇਹ ਐਮਐਸਐਮਈ ਆਊਟਰੀਚ ਪ੍ਰੋਗਰਾਮ ਡਿਵੀਜ਼ਨਲ ਦਫ਼ਤਰ ਅੰਮ੍ਰਿਤਸਰ ਦੁਆਰਾ ਆਯੋਜਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐੱਮਐੱਸਐੱਮਈ ਅਰਥਵਿਵਸਥਾ ਦੀ ਪ੍ਰਗਤੀ ਵਿੱਚ ਇੱਕ ਮਜ਼ਬੂਤ ਥੰਮ੍ਹ ਵਜੋਂ ਕੰਮ ਕਰਦੇ ਹਨ। ਐਮ ਐਸ ਐਮ ਈ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪੰਜਾਬ ਨੈਸ਼ਨਲ ਬੈਂਕ ਨੇ ਐਮ ਐਸ ਐਮ ਈ ਗਾਹਕਾਂ ਲਈ ਬਹੁਤ ਹੀ ਆਸਾਨ ਸ਼ਰਤਾਂ ਅਤੇ ਘੱਟੋ-ਘੱਟ ਵਿਆਜ ਦਰਾਂ ਤੇ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ।

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਐਮਐਸਐਮਈ ਅਸਲ ਵਿੱਚ ਉਹ ਪਹੀਆ ਹੈ ਜੋ ਆਰਥਿਕਤਾ ਨੂੰ ਤੇਜ਼ ਰਫ਼ਤਾਰ ਨਾਲ ਚਲਾਉਂਦਾ ਹੈ। ਪੀਐਨਬੀ ਵੱਲੋਂ ਐਮਐਸਐਮਈ ਲਈ ਅਜਿਹੇ ਪ੍ਰੋਗਰਾਮ ਆਯੋਜਿਤ ਕਰਨਾ ਪੀਐਨਬੀ ਦੀ ਐਮਐਸਐਮਈ ਅਤੇ ਭਾਰਤੀ ਅਰਥਵਿਵਸਥਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਪੀਐਨਬੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਨ ਦੀ ਤਾਕੀਦ ਕੀਤੀ।

ਜ਼ਿਲ੍ਹਾ ਪ੍ਰਸ਼ਾਸਨ ਫਿਊਚਰ ਟਾਈਕੂਨ ਦੀ ਨਵੀਨਤਾਕਾਰੀ ਪਹਿਲਕਦਮੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੋਈ ਵੀ ਵਿਅਕਤੀ, ਭਾਵੇਂ ਉਹ ਵਿਦਿਆਰਥੀ ਹੋਵੇ, ਔਰਤ ਹੋਵੇ, ਉੱਦਮੀ ਹੋਵੇ ਜਾਂ ਕੋਈ ਅਪਾਹਜ ਵਿਅਕਤੀ ਹੋਵੇ, ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰ ਸਕਦਾ ਹੈ। ਸਭ ਤੋਂ ਵਧੀਆ ਤਿੰਨ ਵਿਚਾਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨਾਮ ਦਿੱਤਾ ਜਾਵੇਗਾ ਅਤੇ ਨਿਵੇਸ਼ਕ ਵੀ ਸ਼ਾਰਕ ਟੈਂਕ ਇੰਡੀਆ ਦੀ ਤਰਜ਼ ਤੇ ਇਨ੍ਹਾਂ ਵਿੱਚ ਨਿਵੇਸ਼ ਕਰ ਸਕਣਗੇ।

ਜਨਰਲ ਮੈਨੇਜਰ ਰਾਜੇਸ਼ ਕੁਮਾਰ ਨੇ ਦੱਸਿਆ ਕਿ ਪੀਐਨਬੀ ਨੇ ਹਰ ਕਿਸਮ ਦੇ ਗਾਹਕ ਵਰਗ ਲਈ ਐਮਐਸਐਮਈ ਸਕੀਮਾਂ ਸ਼ੁਰੂ ਕੀਤੀਆਂ ਹਨ। ਡਿਪਟੀ ਜ਼ੋਨਲ ਹੈੱਡ ਸ੍ਰੀ ਬੌਬੀ ਤੰਵਰ ਨੇ ਕਿਹਾ ਕਿ ਪੀਐਨਬੀ ਨੇ ਹਰ ਤਰ੍ਹਾਂ ਦੇ ਸਟਾਰਟਅੱਪਸ ਲਈ ਆਕਰਸ਼ਕ ਵਿਆਜ ਦਰਾਂ ਤੇ ਸਕੀਮਾਂ ਸ਼ੁਰੂ ਕੀਤੀਆਂ ਹਨ।

ਇਸ ਤੋਂ ਬਾਅਦ, ਡਿਵੀਜ਼ਨਲ ਦਫ਼ਤਰ ਦੀ ਟੀਮ ਨੇ ਪੀਪੀਟੀ ਰਾਹੀਂ ਮਾਣਯੋਗ ਮਹਿਮਾਨਾਂ ਅਤੇ ਗਾਹਕਾਂ ਨੂੰ ਪੀਐਨਬੀ ਦੀਆਂ ਵੱਖ-ਵੱਖ ਐਮਐਸਐਮਈ ਸਕੀਮਾਂ ਬਾਰੇ ਜਾਣੂ ਕਰਵਾਇਆ। ਇਸ ਤੋਂ ਬਾਅਦ, ਜਨਰਲ ਮੈਨੇਜਰ ਨੇ ਆਪਣੇ ਹੱਥਾਂ ਨਾਲ ਗਾਹਕਾਂ ਨੂੰ ਕਰਜ਼ਾ ਪ੍ਰਵਾਨਗੀ ਪੱਤਰ ਵੰਡੇ।

ਅੰਤ ਵਿੱਚ, ਸਬ ਡਿਵੀਜ਼ਨਲ ਹੈੱਡ ਅਨਿਲ ਕੁਮਾਰ ਡਾਵਰਾ ਨੇ ਸਾਹਨੀ, ਰਾਜੇਸ਼ ਕੁਮਾਰ, ਸ਼੍ਰੀ ਬੌਬੀ ਤੰਵਰ, ਗੁਰ ਇਕਬਾਲ ਸਿੰਘ ਅਤੇ ਸਤਿਕਾਰਯੋਗ ਗਾਹਕਾਂ ਦਾ ਪੀਐਨਬੀ ਐਮਐਸਐਮਈ ਆਊਟਰੀਚ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ ਸਟੇਜ ਦਾ ਪ੍ਰਬੰਧ ਸ਼੍ਰੀਮਤੀ ਪ੍ਰਿਆ ਅਤੇ ਸੋਨੀਆ ਨੇ ਕੀਤਾ।

# ਵਿਜੀਲੈਂਸ ਬਿਊਰੋ ਨੇ ਸਿਹਤ ਕਰਮਚਾਰੀ ਨੂੰ 7000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਕਾਬੂ*



ਚੰਡੀਗੜ੍ਹ (ਸੁਖਚੈਨ ਮਹਿਰਾ)- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸਿਵਲ ਹਸਪਤਾਲ, ਲੁਧਿਆਣਾ ਦੇ ਐਮਰਜੈਂਸੀ ਵਾਰਡ ਵਿੱਚ ਤਾਇਨਾਤ ਸਹਾਇਕ ਸਤਿੰਦਰ ਕੁਮਾਰ ਨੂੰ 7000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਜੱਸਲ ਕਲੋਨੀ, ਲੁਧਿਆਣਾ ਦੇ ਵਸਨੀਕ ਵਿਜੇ ਕੁਮਾਰ ਦੁਆਰਾ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਪਰੋਕਤ ਕਰਮਚਾਰੀ ਨੇ ਉਸ ਦੇ ਮੈਡੀਕਲ ਦੀ ਰਿਪੋਰਟ ਦੀ ਰਸੀਦ ਜਾਰੀ ਕਰਨ ਬਦਲੇ 10000 ਰੁਪਏ ਦੀ ਰਿਸ਼ਵਤ ਮੰਗੀ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਉਕਤ ਮੁਲਜ਼ਮ ਪਹਿਲਾਂ ਹੀ ਉਸ ਤੋਂ 3000 ਰੁਪਏ ਲੈ ਚੁੱਕਾ ਹੈ ਅਤੇ ਬਾਕੀ ਰਿਸ਼ਵਤ ਦੀ ਮੰਗ ਕਰ ਰਿਹਾ ਹੈ।

ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਆਰਥਿਕ ਅਪਰਾਧ ਸ਼ਾਖਾ, ਲੁਧਿਆਣਾ ਰੇਂਜ ਦੀ ਇੱਕ ਵਿਜੀਲੈਂਸ ਬਿਊਰੋ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 7000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧ ਵਿੱਚ ਉਕਤ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਆਰਥਿਕ ਅਪਰਾਧ ਸ਼ਾਖਾ ਦੇ ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਡੀਓਏ, ਸੀਐਨਆਈ, ਨੇ ਆਪਣੇ ਦੋ-ਰੋਜ਼ਾ ਸਥਾਪਨਾ ਦਿਵਸ ਸਮਾਰੋਹ ਦੀ ਸ਼ੁਰੂਆਤ ਮੋਟਰਸਾਈਕਲ ਰੈਲੀ ਨਾਲ ਕੀਤੀ

ਅੰਮ੍ਰਿਤਸਰ, (ਲੋਕ ਬਾਣੀ): ਡਾਇਓਸਿਸ ਆਫ਼ ਅੰਮ੍ਰਿਤਸਰ (ਡੀਓਏ), ਚਰਚ ਆਫ਼ ਨੌਰਥ ਇੰਡੀਆ (ਸੀਐਨਆਈ), ਨਾਲ ਜੁੜੇ 300 ਤੋਂ ਵੱਧ ਮੋਟਰਸਾਈਕਲ ਸਵਾਰਾਂ ਨੇ ਵੀਰਵਾਰ ਨੂੰ ਡੀਓਏ, ਸੀਐਨਆਈ, ਦੇ ਦੋ-ਰੋਜ਼ਾ ਸਥਾਪਨਾ ਦਿਵਸ ਸਮਾਰੋਹ ਦੀ ਸ਼ੁਰੂਆਤ ਦੇ ਹਿੱਸੇ ਵਜੋਂ ਆਯੋਜਿਤ ਇੱਕ ਮੋਟਰਸਾਈਕਲ ਰੈਲੀ ਵਿੱਚ ਹਿੱਸਾ ਲਿਆ।

ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ, ਦੇ ਬਿਸ਼ਪ ਦ ਮੋਸਟ ਰੈਵ ਡਾ ਪੀ ਕੇ ਸਾਮੰਤਾਰਾਏ ਦੀ ਅਗਵਾਈ ਹੇਠ ਆਯੋਜਿਤ ਇਹ ਮੋਟਰਸਾਈਕਲ ਰੈਲੀ ਸੇਂਟ ਪੌਲ ਚਰਚ, ਕੋਰਟ ਰੋਡ, ਅੰਮ੍ਰਿਤਸਰ, ਤੋਂ ਸ਼ੁਰੂ ਹੋਈ। ਇਹ ਸ਼ਾਂਤੀ ਦਾ ਸੰਦੇਸ਼ ਫੈਲਾਉਣ ਲਈ ਸ਼ਹਿਰ ਦੇ ਮੁੱਖ ਰਸਤਿਆਂ ਵਿੱਚੋਂ ਲੰਘਦੀ ਹੋਈ ਅਲੈਗਜ਼ੈਂਡਰਾ ਸਕੂਲ, ਕਵੀਨਜ਼ ਰੋਡ, ਅੰਮ੍ਰਿਤਸਰ, ਵਿਖੇ ਸਮਾਪਤ ਹੋਈ।

ਇਹ ਰੈਲੀ ਸ਼ਾਂਤੀ, ਭਾਈਚਾਰੇ ਅਤੇ ਅੰਤਰ-ਧਾਰਮਿਕ ਸਦਭਾਵਨਾ ਦੇ ਸੰਦੇਸ਼ ਨੂੰ ਫੈਲਾਉਣ ਲਈ ਆਯੋਜਿਤ ਕੀਤੀ ਗਈ ਸੀ। ਡਾਇਓਸਿਸ ਓਫ ਅੰਮ੍ਰਿਤਸਰ, ਚਰਚ ਆਫ ਨੌਰਥ ਇੰਡੀਆ, ਨੇ ਹਮੇਸ਼ਾ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਆਪਸੀ ਸਮਝ ਅਤੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ, ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਗੱਲਬਾਤ ਨੂੰ ਉਤਸ਼ਾਹਿਤ ਕਰਕੇ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਕੰਮ ਕੀਤਾ ਹੈ; ਬਿਸ਼ਪ ਸਾਮੰਤਾਰਾਏ ਨੇ ਕਿਹਾ।

ਸ਼ਾਂਤੀ ਨੂੰ ਸਮੇਂ ਦੀ ਲੋੜ ਦੱਸਦਿਆਂ, ਬਿਸ਼ਪ ਸਾਮੰਤਾਰਾਏ ਨੇ ਕਿਹਾ ਕਿ ਇਹ ਰੈਲੀ ਆਉਣ ਵਾਲੇ ਸਾਲਾਂ ਵਿੱਚ ਸ਼ਾਂਤੀ ਨਿਰਮਾਣ ਲਈ ਇਨ੍ਹਾਂ ਉਪਾਵਾਂ ਨੂੰ ਜਾਰੀ ਰੱਖਣ ਦੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ। ਇਸ ਦੌਰਾਨ, ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਤੋਂ 3000 ਤੋਂ ਵੱਧ ਡਾਇਓਸੀਸ ਦੇ ਮੈਂਬਰਾਂ ਦੇ ਇਨ੍ਹਾਂ ਦੋ ਦਿਨਾਂ ਜਸ਼ਨਾਂ ਵਿੱਚ ਹਿੱਸਾ ਲੈਣ ਦੀ ਉਮੀਦ ਹੈ, ਜਿਨ੍ਹਾਂ ਵਿੱਚ 14 ਫਰਵਰੀ, 2025, ਨੂੰ ਇੱਕ ਧੰਨਵਾਦ ਪ੍ਰਾਰਥਨਾ ਸਭਾ ਅਤੇ ਸੱਭਿਆਚਾਰਕ ਪ੍ਰੋਗਰਾਮ ਸ਼ਾਮਲ ਹਨ।



# ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨੇ ਬਾਲ ਭਿੱਖਿਆ ਦੀ ਰੋਕਥਾਮ ਲਈ ਚਲਾਇਆ ਵਿਸ਼ੇਸ਼ ਅਭਿਆਨ



ਲੁਧਿਆਣਾ, (ਸੁਖਚੈਨ ਮਹਿਰਾ) - ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਲੁਧਿਆਣਾ, ਸਿੱਖਿਆ ਵਿਭਾਗ, ਚਾਈਲਡ ਲਾਈਨ, ਪੁਲਿਸ ਵਿਭਾਗ ਅਤੇ ਬਚਪਨ ਬਚਾਉ ਅੰਦੋਲਨ ਵੱਲੋ ਸਾਂਝੇ ਤੌਰ ਤੇ ਲੁਧਿਆਣਾ ਦੇ ਰੇਲਵੇ ਸਟੇਸ਼ਨ ਵਿਖੇ ਬਾਲ ਭਿਖਾਰੀਆਂ ਨੂੰ ਭੀਖ ਮੰਗਣ ਤੋਂ ਰੋਕਣ ਲਈ ਇਕ ਵਿਸ਼ੇਸ਼ ਅਭਿਆਨ ਚਲਾਇਆ ਗਿਆ।

ਡਿਪਟੀ ਕਮਿਸ਼ਨਰ ਲੁਧਿਆਣਾ ਜਤਿੰਦਰ ਜ਼ੋਰਵਾਲ ਵੱਲੋ ਜਿਲ੍ਹਾ ਬਾਲ ਸੁਰੱਖਿਆ ਅਫਸਰ ਨੂੰ ਮੁਕੰਮਲ ਰੂਪ ਵਿੱਚ ਚਾਇਲਡ ਬੈਗਿੰਗ ਰੇਡ ਦਾ ਨੋਡਲ ਅਫਸਰ ਬਣਾਇਆ ਗਿਆ ਹੈ, ਜਿਨ੍ਹਾਂ ਦੀ ਪ੍ਰਧਾਨਗੀ ਹੇਠ ਰੇਲਵੇ ਸਟੇਸ਼ਨ, ਲੁਧਿਆਣਾ ਦੇ ਨੇੜਲੇ ਇਲਾਕਿਆਂ ਵਿੱਚ ਚਾਈਲਡ ਬੈਗਿੰਗ ਦੀ ਰੋਕਥਾਮ ਲਈ ਰੇਡ ਕੀਤੀ ਗਈ ਅਤੇ ਆਮ ਜਨਤਾ ਨੂੰ ਵੀ ਜਾਗਰੂਕ ਕੀਤਾ ਗਿਆ ਕਿ ਬੱਚਿਆਂ ਨੂੰ ਭੀਖ ਨਾ ਦਿੱਤੀ ਜਾਵੇ ਤਾਂ ਜੋ ਚਾਈਲਡ ਬੈਗਿੰਗ ਤੇ ਠੱਲ ਪਾਈ ਜਾ ਸਕੇ।

ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰਸ਼ਮੀ ਵੱਲੋ ਦੱਸਿਆ ਗਿਆ ਕਿ ਭਵਿੱਖ ਵਿੱਚ ਵੀ ਅਜਿਹੀਆਂ ਅਚਨਚੇਤ ਚੈਕਿੰਗਾਂ ਜਾਰੀ ਰਹਿਣਗੀਆਂ ਤਾਂ ਜੋ ਲੁਧਿਆਣਾ ਨੂੰ ਬਾਲ ਭਿਖਿਆ ਤੋਂ ਮੁਕਤ ਕੀਤਾ ਜਾ ਸਕੇ ਅਤੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾ ਕੇ ਉਹਨਾਂ ਦਾ ਭਵਿੱਖ ਸੁਰੱਖਿਅਤ ਅਤੇ ਉਜਵਲ ਬਣਾਇਆ ਜਾ ਸਕੇ। ਉਨ੍ਹਾਂ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਬੱਚਿਆਂ ਨੂੰ ਭੀਖ ਨਾ ਦੇ ਕੇ ਚਾਈਲਡ ਬੈਗਿੰਗ ਨੂੰ ਰੋਕਣ ਲਈ ਸਹਿਯੋਗ ਦਿੱਤਾ ਜਾਵੇ।

ਜ਼ਿਲ੍ਹਾ ਟਾਸਕ ਫੋਰਸ ਟੀਮ ਵਿੱਚ ਲਵਪ੍ਰੀਤ ਸਿੰਘ (ਸ਼ੋਸ਼ਲ ਵਰਕਰ), ਸਨਦੀਪ ਸਿੰਘ (ਬਚਪਨ ਬਚਾਉ ਅੰਦੋਲਨ) ਤੋਂ ਇਲਾਵਾ ਵੱਖ-ਵੱਖ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਰਾਜ ਮੋਟਰਜ਼ ਨੇ ਪਟਿਆਲਾ ਵਿੱਚ ਮਹਿੰਦਰਾ ਇਲੈਕਟ੍ਰਿਕ ਓਰੀਜਿਨ ਐੱਸਯੂਵੀ ਲਈ ਵਿਸ਼ੇਸ਼ ਟੈਸਟ ਡਰਾਈਵ ਈਵੈਂਟ ਦਾ ਉਦਘਾਟਨ ਕੀਤਾ।




ਮੋਹਾਲੀ (ਲੋਕ ਬਾਣੀ)ਵਿੱਚ ਸ਼ਾਨਦਾਰ ਲਾਂਚ ਤੋਂ ਬਾਅਦ, ਰਾਜ ਮੋਟਰਜ਼ ਨੇ ਪਟਿਆਲਾ ਵਿੱਚ ਮਹਿੰਦਰਾ ਇਲੈਕਟ੍ਰਿਕ ਓਰੀਜਿਨ ਐੱਸਯੂਵੀ. ਦੇ ਸ਼ਾਨਦਾਰ ਉਦਘਾਟਨ ਦੇ ਨਾਲ ਆਪਣੀ ਬਿਜਲੀ ਦੀ ਗਤੀ ਨੂੰ ਜਾਰੀ ਰੱਖਿਆ। ਇਸ ਇਵੈਂਟ ਨੇ ਸ਼ਹਿਰੀ ਗਤੀਸ਼ੀਲਤਾ ਨੂੰ ਮੁੜ ਪਰਿਭਾਸ਼ਿਤ ਕਰਨ ਵਿੱਚ ਇੱਕ ਹੋਰ ਮੀਲ ਪੱਥਰ ਵਜੋਂ ਚਿੰਨ੍ਹਿਤ ਕੀਤਾ।

ਇਸ ਸਮਾਗਮ ਦੀ ਸ਼ਾਨੋ-ਸ਼ੌਕਤ ਨੂੰ ਹੋਰ ਵਧਾਉਦੇ ਹੋਏ ਡਾ: ਨਾਨਕ ਸਿੰਘ (ਆਈ.ਪੀ.ਐਸ.), ਐਸ.ਐਸ.ਪੀ. ਪਟਿਆਲਾ ਅਤੇ ਮੁਹੰਮਦ ਸਰਫਰਾਜ਼ ਆਲਮ (ਆਈ.ਪੀ.ਐਸ.), ਐਸ. ਪੀ ਸਿਟੀ ਪਟਿਆਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਦੀ ਮੌਜੂਦਗੀ ਨੇ ਟਿਕਾਊ ਗਤੀਸ਼ੀਲਤਾ ਦੀ ਮਹੱਤਤਾ ਅਤੇ ਸ਼ਹਿਰੀ ਲੈਂਡਸਕੇਪਾਂ ਵਿੱਚ ਇਲੈਕਟ੍ਰਿਕ ਵਾਹਨਾਂ ਵੱਲ ਵਧ ਰਹੀ ਤਬਦੀਲੀ ਨੂੰ ਉਜਾਗਰ ਕੀਤਾ। ਦੋਵਾਂ ਪਤਵੰਤਿਆਂ ਨੇ ਰਾਜ ਮੋਟਰਜ਼ ਅਤੇ ਮਹਿੰਦਰਾ ਦੇ ਨਵੀਨਤਾ ਅਤੇ ਵਾਤਾਵਰਣ-ਅਨੁਕੂਲ ਆਵਾਜਾਈ ਪ੍ਰਤੀ ਸਮਰਪਣ ਲਈ ਸ਼ਲਾਘਾ ਕੀਤੀ, ਇੱਕ ਸਾਫ਼, ਹਰੇ ਭਰੇ ਭਵਿੱਖ ਨੂੰ ਬਣਾਉਣ ਵਿੱਚ ਈਵੀ ਦੀ ਭੂਮਿਕਾ ਤੇ ਜ਼ੋਰ ਦਿੱਤਾ।

ਇਵੈਂਟ ਨੇ ਨਵੀਨਤਾ, ਸਥਿਰਤਾ ਅਤੇ ਬੇਮਿਸਾਲ ਆਟੋਮੋਟਿਵ ਇੰਜਨੀਅਰਿੰਗ ਪ੍ਰਤੀ ਮਹਿੰਦਰਾ ਦੀ ਵਚਨਬੱਧਤਾ ਨੂੰ ਪ੍ਰਦਰਸ਼ਿਤ ਕੀਤਾ। ਨਿਵੇਕਲੇ ਟੈਸਟ ਡਰਾਈਵਾਂ ਅਤੇ ਅਤਿ-ਆਧੁਨਿਕ ਈਵੀ ਤਕਨਾਲੋਜੀ ਵਿੱਚ ਮਾਹਰ ਸੂਝ ਦੇ ਨਾਲ, ਰਾਜ ਮੋਟਰਜ਼ ਇਲੈਕਟ੍ਰਿਕ ਕ੍ਰਾਂਤੀ ਵਿੱਚ ਅਗਵਾਈ ਕਰਨਾ ਜਾਰੀ ਰੱਖ ਰਿਹਾ ਹੈ।

# ਖਾਲਸਾ ਕਾਲਜ ਦੇ ਜਰਨਲਿਜ਼ਮ ਵਿਦਿਆਰਥੀ ਨੇ ਮਨਾਇਆ ਵਿਸ਼ਵ ਰੇਡੀਓ ਦਿਨ

ਅੰਮ੍ਰਿਤਸਰ, (ਲੋਕ ਬਾਣੀ)–ਖਾਲਸਾ ਕਾਲਜ ਦੇ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵੱਲੋਂ ਪੱਤਰਕਾਰਤਾ ਨਾਲ ਸਬੰਧਿਤ ਬੈਚਲਰ ਅਤੇ ਮਾਸਟਰ ਵਿਦਿਆਰਥੀਆਂ ਲਈ ਵਿਸ਼ਵ ਰੇਡੀਓ ਦਿਵਸ ਦੇ ਸਬੰਧ 'ਤੇ 94.3 ਮਾਈ ਐਫ. ਐਮ. ਦਾ ਇਕ ਰੋਜ਼ਾ ਵਿੱਦਿਅਕ ਦੌਰਾ ਆਯੋਜਿਤ ਕੀਤਾ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ ਦੇ ਸਹਿਯੋਗ ਨਾਲ ਕਰਵਾਏ ਗਏ ਉਕਤ ਦੌਰੇ ਦੌਰਾਨ ਪੱਤਰਕਾਰੀ ਦੇ ਕਰੀਬ 50 ਵਿਦਿਆਰਥੀਆਂ ਨੇ ਰੇਡੀਓ ਸਟੇਸ਼ਨ ਦਾ ਦੌਰਾ ਕੀਤਾ।




ਇਸ ਵਿੱਦਿਅਕ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੇਡੀਓ ਦੀ ਵੱਧਦੀ ਮਹੱਤਤਾ ਅਤੇ ਇਲੈਕਟ੍ਰਾਨਿਕ ਮੀਡੀਆ ਸਬੰਧੀ ਬਾਰੀਕੀਆਂ ਤੋਂ ਜਾਣੂ ਕਰਵਾਉਣਾ ਸੀ।ਇਸ ਇੰਟਰਐਕਟਿਵ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਆਰ. ਜੇ. ਦੀਪ ਤੋਂ ਕਈ ਸਵਾਲ ਪੁੱਛੇ।

ਇਸ ਮੌਕੇ ਆਰ. ਜੇ. ਦੀਪ ਨੇ ਰੇਡੀਓ ਦੀਆਂ ਪੁਰਾਣੀਆਂ ਤਕਨੀਕਾਂ ਦੀ ਤੁਲਨਾ ਆਧੁਨਿਕ ਤਕਨਾਲੋਜੀਆਂ ਨਾਲ ਕਰਦਿਆਂ ਵਿਦਿਆਰਥੀ ਨੂੰ ਇਕ ਰੇਡੀਓ ਜੌਕੀ ਵਜੋਂ ਉੱਤਮਤਾ ਪ੍ਰਾਪਤ ਕਰਨ ਲਈ ਜ਼ਰੂਰੀ ਹੁਨਰਾਂ ਦੀ ਰੂਪ–ਰੇਖਾ ਦਿੱਤੀ ਅਤੇ ਵਿਸ਼ਵ ਰੇਡੀਓ ਦਿਵਸ ਦੀ ਮਹੱਤਤਾ ਬਾਰੇ ਗਿਆਨ ਸਾਂਝਾ ਕੀਤਾ।ਇਸ ਤੋਂ ਇਲਾਵਾ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਲੋੜੀਂਦੀ ਅਵਾਜ਼ (ਵੋਕਲ) ਦੀਆਂ ਯੋਗਤਾਵਾਂ ਨੂੰ ਬਿਹਤਰ ਬਣਾਉਣ ਅਤੇ ਰੇਡੀਓ ਸਟੇਸ਼ਨਾਂ 'ਚ ਵਰਤੇ ਜਾਣ ਵਾਲੇ ਸਾਫਟਵੇਅਰ ਨਾਲ ਜਾਣੂ ਕਰਵਾਉਣ ਲਈ ਮਾਰਗਦਰਸ਼ਨ ਕੀਤਾ।

ਇਸ ਮੌਕੇ ਪ੍ਰਿੰ: ਡਾ. ਕਾਹਲੋਂ ਨੇ ਵਿਭਾਗ ਦੀ ਮੁਖੀ ਡਾ. ਸਾਨੀਆ ਮਰਵਾਹਾ ਨੂੰ ਅਜਿਹੇ ਦੌਰਿਆਂ ਦਾ ਆਯੋਜਨ ਕਰਨ ਦੀ ਸ਼ਲਾਘਾ ਕਰਦਿਆਂ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਮਰਵਾਹਾ ਨੇ ਕਿਹਾ ਕਿ ਰੇਡੀਓ ਸਟੇਸ਼ਨ ਵਿਭਿੰਨ ਭਾਈਚਾਰਿਆਂ ਦੀ ਸੇਵਾ ਕਰਦੇ ਹਨ ਅਤੇ ਪ੍ਰੋਗਰਾਮਾਂ, ਦ੍ਰਿਸ਼ਟੀਕੋਣਾਂ ਤੇ ਸਮੱਗਰੀ ਦੀ ਇਕ ਵਿਸ਼ਾਲ ਕਿਸਮ ਦੀ ਪੇਸ਼ਕਸ਼ ਕਰਦੇ ਹਨ। ਇਸ ਮੌਕੇ ਪ੍ਰੋ: ਜਾਹਨਵੀ ਰਾਜਪੂਤ, ਪ੍ਰੋ: ਆਸ਼ੂਤੋਸ਼ ਠਾਕੁਰ ਵੀ ਮੌਜੂਦ ਸਨ।

# ਰੋਬੋਟਿਕ ਆਰਥਰੋਪਲਾਸਟੀ ਸੈਂਟਰ ਲਾਂਚ ਕੀਤਾ




ਮੋਹਾਲੀ: (ਲੋਕ ਬਾਣੀ) ਪਾਰਕ ਗ੍ਰੀਸੀਅਨ ਹਸਪਤਾਲ ਨੇ ਅਤਿ ਆਧੁਨਿਕ ਰੋਬੋਟਿਕ ਆਰਥਰੋਪਲਾਸਟੀ ਸੈਂਟਰ ਆਫ ਐਕਸੀਲੈਂਸ ਲਾਂਚ ਕੀਤਾ ਹੈ।

ਸੈਂਟਰ ਦੇ ਚੇਅਰਮੈਨ ਅਤੇ ਡਾਇਰੈਕਟਰ ਡਾ ਭਾਨੂ ਪ੍ਰਤਾਪ ਸਿੰਘ ਸਲੂਜਾ ਨੇ ਕਿਹਾ ਕਿ ਸੈਂਟਰ ਅਤਿ–ਆਧੁਨਿਕ ਰੋਬੋਟਿਕ ਤਕਨਾਲੋਜੀ ਨਾਲ ਲੈਸ ਹੈ, ਜਿਸ ਵਿੱਚ ਰੋਬੋ ਸੂਟ, ਰੋਬੋ 3ਡੀ, ਰੋਬੋ ਆਈ ਅਤੇ ਰੋਬੋ ਆਰਮ ਵਰਗੀਆਂ ਉੱਨਤ ਵਿਸ਼ੇਸ਼ਤਾਵਾਂ ਸ਼ਾਮਲ ਹਨ। ਇਹ ਨਵੀਨਤਮ ਤਕਨਾਲੋਜੀਆਂ ਬੇਮਿਸਾਲ ਸ਼ੁੱਧਤਾ, ਕੁਸ਼ਲਤਾ ਅਤੇ ਸ਼ਾਨਦਾਰ ਮਰੀਜ਼ਾਂ ਦੇ ਨਤੀਜਿਆਂ ਨਾਲ ਸਰਜਰੀ ਨੂੰ ਸੰਭਵ ਬਣਾਉਂਦੀਆਂ ਹਨ।

ਡਾ ਸਲੂਜਾ ਨੇ ਕਿਹਾ, ਅਡਵਾਂਸਡ ਰੋਬੋਟਿਕ ਟੈਕਨਾਲੋਜੀ ਦੇ ਜ਼ਰੀਏ, ਜੁਆਇੰਟ ਰਿਪਲੇਸਮੈਂਟ ਹੁਣ ਪਹਿਲਾਂ ਨਾਲੋਂ ਤੇਜ਼, ਸੁਰੱਖਿਅਤ ਅਤੇ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ। ਮਰੀਜ਼ ਕੁਝ ਘੰਟਿਆਂ ਦੇ ਅੰਦਰ ਸੈਰ ਕਰਨ ਦੇ ਯੋਗ ਹੋ ਜਾਵੇਗਾ ।

ਰੋਬੋਟਿਕ ਆਰਥਰੋਪਲਾਸਟੀ ਸੈਂਟਰ ਵਿੱਚ ਰੋਬੋਟਿਕ ਕਮਰ ਅਤੇ ਗੋਡੇ ਬਦਲਣ, ਗੁੰਝਲਦਾਰ ਸੰਸ਼ੋਧਨ ਸਰਜਰੀਆਂ, ਸਪੋਰਟਸ ਮੈਡੀਸਨ ਅਤੇ ਆਰਥਰੋਸਕੋਪੀ, ਮੋਢੇ, ਕੂਹਣੀ ਅਤੇ ਗਿੱਟੇ ਦੇ ਜੋੜਾਂ ਨੂੰ ਬਦਲਣ ਅਤੇ ਆਰਥੋਪੈਡਿਕਸ ਅਤੇ ਟਰੌਮਾ ਕੇਅਰ ਦੀਆਂ ਸਹੂਲਤਾਂ ਹੋਣਗੀਆਂ।

ਰੋਬੋਟਿਕ ਤਕਨਾਲੋਜੀ ਦੇ ਜ਼ਰੀਏ, ਮਰੀਜ਼ਾਂ ਨੂੰ ਹਸਪਤਾਲ ਵਿਚ ਥੋੜ੍ਹੇ ਸਮੇਂ ਵਿਚ ਰਹਿਣ, ਘੱਟ ਦਰਦ ਅਤੇ ਤੇਜ਼ੀ ਨਾਲ ਰਿਕਵਰੀ ਦਾ ਫਾਇਦਾ ਹੋਵੇਗਾ।

ਪਾਰਕ ਮੋਹਾਲੀ ਪਹਿਲੇ 100 ਮਰੀਜ਼ਾਂ ਨੂੰ ਮੁਫਤ ਰੋਬੋਟਿਕ ਤਕਨੀਕ ਪ੍ਰਦਾਨ ਕਰਨ ਵਾਲਾ ਪਹਿਲਾ ਕੇਂਦਰ ਬਣ ਗਿਆ ਹੈ। ਇਸ ਪਹਿਲਕਦਮੀ ਦੇ ਤਹਿਤ ਮਰੀਜ਼ਾਂ ਨੂੰ ਸਿਰਫ਼ ਇਲਾਜ ਪੈਕੇਜ ਦਾ ਖਰਚਾ ਹੀ ਚੁੱਕਣਾ ਪਵੇਗਾ, ਜਦਕਿ ਰੋਬੋ 3ਡੀ, ਰੋਬੋ ਆਰਮ ਅਤੇ ਰੋਬੋ ਆਈ ਵਰਗੀਆਂ ਰੋਬੋਟਿਕ ਤਕਨੀਕਾਂ ਪੂਰੀ ਤਰ੍ਹਾਂ ਮੁਫ਼ਤ ਦਿੱਤੀਆਂ ਜਾਣਗੀਆਂ। ਇਸ ਪਹਿਲਕਦਮੀ ਦਾ ਉਦੇਸ਼ ਸਮਾਜ ਦੇ ਹਰ ਵਰਗ ਨੂੰ ਅਤਿ–ਆਧੁਨਿਕ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ।

# ਡੀ.ਡੀ.ਓਜ਼ ਕਰਮਚਾਰੀਆਂ ਦੇ ਆਮਦਨ ਕਰ ਦੇ ਦਸਤਾਵੇਜਾਂ ਦੀ ਮੁਕੰਮਲ ਜਾਂਚ ਕਰਨ - ਐਡੀਸ਼ਨਲ ਕਮਿਸ਼ਨਰ ਆਮਦਨ ਕਰ

ਅੰਮ੍ਰਿਤਸਰ (ਲੋਕ ਬਾਣੀ)

ਆਮਦਨ ਕਰ ਵਿਭਾਗ ਅੰਮ੍ਰਿਤਸਰ ਵਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡੀ.ਡੀ. ਓਜ਼/ਜਿਲ੍ਹਾ ਅਧਿਕਾਰੀਆਂ ਨੂੰ ਆਮਦਨ ਕਰ ਸਬੰਧੀ ਜਾਣਕਾਰੀ ਦੇਣ ਲਈ ਇਕ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ।

ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਐਡੀਸ਼ਨਲ ਕਮਿਸ਼ਨਰ ਆਮਦਨ ਕਰ ਰੇਂਜ–1 ਸ੍ਰੀ ਮਨਪ੍ਰੀਤ ਸਿੰਘ ਦੁੱਗਲ ਨੇ ਡੀ.ਡੀ.ਓਜ਼/ਜਿਲ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਹਰ ਵਿੱਤੀ ਵਰ੍ਹੇ ਦੌਰਾਨ ਅਧਿਕਾਰੀਆਂ ਵਲੋਂ ਮੁਲਾਜ਼ਮਾਂ ਨੂੰ ਆਮਦਨ ਕਰ ਸਬੰਧੀ 16 ਨੰਬਰ ਫਾਰਮ 31 ਮਈ ਤੱਕ ਮੁਹੱਈਆ ਕਰਵਾਉਣਾ ਜ਼ਰੂਰੀ ਹੁੰਦਾ ਹੈ। ਉਨਾਂ ਕਿਹਾ ਕਿ ਇਸ ਕੰਮ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਫਾਰਮ ਨੰਬਰ 16 ਅਤੇ 26ਏ.ਐਸ. ਦੋਨਾਂ ਫਾਰਮਾਂ ਵਿੱਚ ਸਮਾਨਤਾ ਹੋਣੀ ਚਾਹੀਦੀ ਹੈ। ਉਨਾਂ ਕਿਹਾ ਕਿ ਆਮ ਵੇਖਣ ਵਿੱਚ ਆਇਆ ਹੈ ਕਿ ਅਧਿਕਾਰੀਆਂ ਵਲੋਂ ਕਰਮਚਾਰੀਆਂ ਵਲੋਂ ਪੇਸ਼ ਕੀਤੇ ਗਏ ਦਸਤਾਵੇਜਾਂ ਦੀ ਮੁਕੰਮਲ ਜਾਂਚ ਨਹੀਂ ਕੀਤੀ ਜਾਂਦੀ ਅਤੇ ਕਈ ਕਰਮਚਾਰੀ ਗਲਤ ਜਾਣਕਾਰੀ ਦੇ ਕੇ ਆਪਣਾ ਟੈਕਸ ਬਚਾਉਣ ਦੀ ਕੋਸ਼ਿਸ਼ ਕਰਦੇ ਹਨ। ਸ੍ਰੀ ਦੁੱਗਲ ਨੇ ਕਿਹਾ ਕਿ ਹਰੇਕ ਵਿਭਾਗ ਵਲੋਂ ਕਰਮਚਾਰੀਆਂ ਦੀ ਤਿਮਾਹੀ ਆਮਦਨ ਕਰ ਸਬੰਧੀ ਰਿਪੋਰਟ ਜਮ੍ਹਾ ਕਰਵਾਉਣੀ ਜ਼ਰੂਰੀ ਹੁੰਦੀ ਹੈ। ਉਨਾਂ ਅਧਿਕਾਰੀਆਂ /ਕਰਮਚਾਰੀਆਂ ਨੂੰ ਇਕ ਪੀ.ਪੀ.ਟੀ. ਰਾਹੀਂ ਆਮਦਨ ਕਰ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ।

ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਆਮਦਨ ਕਰ ਮੈਡਮ ਗੁਲਜਰੀਨ ਅਖ਼ਤਰ ਨੇ ਕਿਹਾ ਕਿ ਕਈ ਕਰਮਚਾਰੀਆਂ ਵਲੋਂ ਗਲਤ ਤਰੀਕੇ ਨਾਲ ਆਮਦਨ ਕਰ ਸਬੰਧੀ ਰਿਫੰਡ ਲੈ ਲਏ ਜਾਂਦੇ ਹਨ, ਜੋ ਕਿ ਪੂਰੀ ਤਰ੍ਹਾਂ ਗੈਰ ਉਚਿਤ ਹਨ। ਉਨਾਂ ਕਿਹਾ ਕਿ ਗਲਤ ਤਰੀਕੇ ਨਾਲ ਰਿਫੰਡ ਲੈਣ ਵਾਲੇ ਕਰਮਚਾਰੀਆਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਾਂ ਵੱਡੀ ਪੱਧਰ ਤੇ ਜ਼ੁਰਮਾਨਾ ਲੱਗ ਸਕਦਾ ਹੈ। ਉਨਾਂ ਕਿਹਾ ਕਿ ਕਈ ਵਾਰ ਕੁਝ ਕਰਮਚਾਰੀ ਗਲਤ ਏਜੰਟਾਂ ਦੇ ਹੱਥਾਂ ਵਿੱਚ ਆ ਕੇ ਆਮਦਨ ਕਰ ਸਬੰਧੀ ਗਲਤ ਜਾਣਕਾਰੀ ਦਿੰਦੇ ਹਨ। ਜਿਸ ਤੇ ਵਿਭਾਗ ਵਲੋਂ ਤਿਰਛੀ ਨਜ਼ਰ ਰੱਖੀ ਜਾ ਰਹੀ ਹੈ। ਉਨਾਂ ਕਰਮਚਾਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਮਦਨ ਕਰ ਧਾਰਾਵਾਂ ਸਬੰਧੀ ਸਹੀ ਅਤੇ ਮੁਕੰਮਲ ਜਾਣਕਾਰੀ ਹੀ ਦੇਣ ਅਤੇ ਨਿਰਚਿਤ ਮਿਤੀ ਤੋਂ ਪਹਿਲਾਂ ਪਹਿਲਾਂ ਆਪਣੇ ਆਮਦਨ ਕਰ ਸਬੰਧੀ ਸਟੇਟਮੈਂਟ ਫਾਈਲ ਕਰਨ। ਇਸ ਮੌਕੇ ਕਈ ਅਧਿਕਾਰੀਆਂ ਵਲੋਂ ਕੁਝ ਸ਼ੰਕਾਵਾਂ ਸਬੰਧੀ ਆਮਦਨ ਕਰ ਅਧਿਕਾਰੀਆਂ ਵਲੋਂ ਜਾਣਕਾਰੀ ਵੀ ਲਏ ਗਈ ਅਤੇ ਮੌਕੇ ਤੇ ਹੀ ਉਨਾਂ ਦੀਆਂ ਸ਼ੰਕਾਵਾ ਨੂੰ ਦੂਰ ਕੀਤਾ ਗਿਆ।



ਇਸ ਮੌਕੇ ਸ੍ਰੀਮਤੀ ਗੁਰਸਿਮਰਨ ਕੌਰ ਸਹਾਇਕ ਕਮਿਸ਼ਨਰ ਜਨਰਲ, ਸ੍ਰੀ ਇੰਦਰਪਾਲ ਸਿੰਘ ਸੀਨੀਅਰ ਕਮਾਂਡੈਂਟ ਸੀ.ਆਈ.ਐਸ.ਐਫ., ਮੈਡਮ ਰਾਜਵਿੰਦਰ ਕੌਰ ਤਹਿਸੀਲਦਾਰ, ਜਸਬੀਰ ਸਿੰਘ ਸੰਧੂ ਨਾਇਬ ਤਹਿਸੀਲਦਾਰ ਮਜੀਠਾ, ਸ: ਅਮਰਜੀਤ ਸਿੰਘ ਤਹਿਸੀਲਦਾਰ ਲੋਪੋਕੇ, ਹਰਦੇਵ ਸਿੰਘ ਸਹਾਇਕ ਡਾਇਕਟਰ ਮੱਛੀ ਪਾਲਣ, ਮੈਡਮ ਮੀਨਾ ਦੇਵੀ ਸ.ਡੀ. ਪੀ.ਓ., ਸ: ਇੰਦਰਜੀਤ ਸਿੰਘ ਇਲੈਕਸ਼ਨ ਤਹਿਸੀਲਦਾਰ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਕਾਵਿ ਵਿਅੰਗ

## ,,*ਹਾਲਾਤ ਮੇਰੇ ਦੇਸ਼ ਦੇ*,,

ਅੰਬਰ ਵੇਲ ਵਾਂਗ ਆਬਾਦੀ ਵਧੀ ਜਾਵੇ,
ਦਿੱਤੇ ਸਾਰੇ ਮੁਲਖ਼ ਪਛਾੜ ਮੀਆਂ।
ਅਰਥਚਾਰਾ ਦਿਨੋਂ ਦਿਨ ਘਟੀ ਜਾਵੇ,
ਕਰਨ ਝੂਠਾਂ ਦੀ ਨੇਤਾ ਬਛਾੜ ਮੀਆਂ।
ਮਾਰ ਮਹਿੰਗਾਈ ਦੀ ਪਵੇ ਸਭ ਤਾਂਈ,
ਬੈਠੇ ਦੁਕਾਨਾਂ ਛੱਡ ਕਰਾੜ ਮੀਆਂ।
ਘਰੋਂ ਬਾਹਰ ਹੋਇਆ ਦੇਸ਼ ਫਿਰਦਾ,
ਦਿੱਤੀ ਭੁੱਖਮਰੀ ਘਰੀਂ ਵਾੜ ਮੀਆਂ।
ਇੱਥੇ ਹਰ ਕੋਈ ਚੀਕਾਂ ਮਾਰਦਾ ਏ,
ਦਿੱਤਾ ਜੰਡ ਤੇ ਸਭ ਨੂੰ ਚਾੜ੍ਹ ਮੀਆਂ।
ਨੰਬਰ ਇੱਕ ਤੇ ਕਹਿਣ ਦੇਸ਼ ਸਾਡਾ,
ਕੰਨ ਲੋਕਾਂ ਦੇ ਦਿੰਦੇ ਪਾੜ ਮੀਆਂ।
ਕਦੇ ਪੁੱਛੋ ਖਾਂ ਜੋ ਥੱਲੇ ਰਹਿਣ ਲੋਕੀ,
ਕਿਵੇਂ ਕੱਟਦੇ ਸਿਆਲ਼ ਤੇ ਹਾੜ ਮੀਆਂ।
ਓ, ਮੰਦਹਾਲੀ ਨੇ ਲੋਕ ਨਸ਼ੱਈ ਕਰਤੇ,
ਲੀਡਰ ਲੰਘਦੇ ,ਪੱਤੋ, ਲਤਾੜ ਮੀਆਂ।

ਹਰਪ੍ਰੀਤ ਪੱਤੋ ਪਿੰਡ
ਪੱਤੋ ਹੀਰਾ ਸਿੰਘ ਮੋਗਾ

## ਮਦਰਸਾ ਅਰਬੀਆ ਹਿਫਜ਼ੁਲ ਕੁਰਆਨ ਦਾ ਸਲਾਨਾ ਸਮਾਗਮ ਦਾ ਆਯੋਜਨ ਕੀਤਾ ਗਿਆ





ਮਾਲੇਰਕੋਟਲਾ (ਲੋਕ ਬਾਣੀ) ਮਦਰਸਾ ਅਰਬੀਆ ਹਿਫਜ਼ੁਲ ਕੁਰਆਨ ਦਾ ਸਲਾਨਾ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁਫਤੀ ਯੂਸਫ ਸਾਹਿਬ ਦਾਰੁਲ ਅਲੂਮ ਦਿਓਬੰਦ ਤੋਂ ਵਿਸੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ 13 ਵਿੱਦਿਆਰਥੀਆਂ ਦੇ ਸਿਰ ਤੇ ਦਸਤਾਰ ਸਜਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਫਤੀ ਦਿਲਸ਼ਾਦ ਕਾਸੀ ਨੇ ਦੱਸਿਆ ਕਿ ਮਦਰਸੇ ਵਿੱਚੋਂ ਹਰੇਕ ਸਾਲ 10-15 ਵਿੱਦਿਆਰਥੀ ਹਾਫਿਜ਼ ਬਣ ਕੇ ਨਿਕਲਦੇ ਹਨ ਜੋ ਕਿ ਦੀਨ ਦੀ ਸੇਵਾ ਕਰਦੇ ਹਨ ਉਹਨਾਂ ਕਿਹਾ ਕਿ ਆਓਣ ਵਾਲੇ ਸਾਲ ਤੋਂ ਮੁਕੱਮਲ ਆਲਮੀਅਤ ਦਾ ਕੋਰਸ ਉਕਤ ਅਦਾਰੇ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਦਰਸੇ ਦੇ ਮੈਂਬਰ ਜਨਾਬ ਮੁਹੰਮਦ ਸ਼ਮਸ਼ਾਦ ਨੇ ਕਿਹਾ ਕਿ ਅਦਾਰਾ ਲੰਮੇ ਸਮੇਂ ਤੋਂ ਦੀਨ ਦੀ ਸੇਵਾ ਕਰਦਾ ਆ ਰਿਹਾ ਹੈ ਜੋ ਕਿ ਇੱਕ ਮਾਨ ਵਾਲੀ ਗੱਲ ਹੈ ਉਹਨਾਂ ਕਿਹਾ ਕਿ ਮਦਰਸੇ ਵਿੱਚੋਂ ਹਾਫਿਜ਼ ਬਣ ਕੇ ਜਾਣ ਵਾਲੇ ਵਿੱਦਿਆਰਥੀ ਸਾਰੀ ਜਿੰਦਗੀ ਦੀਨ ਦੀ ਸੇਵਾ ਕਰਦੇ ਹਨ। ਹਜ਼ਰਤ ਮੁਹੰਮਦ (ਸ) ਵਾਰੇ ਬੋਲਦਿਆਂ ਉਹਨਾਂ ਕਿਹਾ ਕਿ ਹਜ਼ਰਤ ਮੁਹੰਮਦ (ਸ) ਸਿਰਫ ਮੁਸਲਮਾਨਾ ਲਈ ਹੀ ਨਹੀਂ ਸਗੋ ਪੂਰੀ ਇਨਸਾਨੀਅਤ ਲਈ ਰਹਿਮਤ ਬਣ ਕੇ ਇਸ ਦੁਨੀਆਂ ਵਿੱਚ ਤਸ਼ਰੀਫ ਲੈ ਕੇ ਆਏ ਸਨ ਜਿਨ੍ਹਾ ਨੇ ਜਿੰਦਗੀ ਜਿਓਣ ਦਾ ਤਰੀਕਾ ਸਿਖਾਇਆ। ਉਹਨਾਂ ਕਿਹਾ ਕਿ ਉਕਤ ਅਦਾਰਾ ਪੰਜਾਬ ਦਾ ਸਭ ਤੋਂ ਪੁਰਾਣਾ ਮਦਰਸਾ ਹੈ ਜੋ ਕਿ ਨਾਂ ਸਿਰਫ ਪੰਜਾਬ ਬਲਕਿ ਹੋਰ ਸੂਬਿਆਂ ਦੀਆਂ ਦੀਨੀ ਜ਼ਰੂਰਤਾਂ ਨੂੰ ਪੂਰਾ ਕਰਦਾ ਆ ਰਿਹਾ ਹੈ।

## ਗੁਰਦੁਆਰਾ ਸਮਾਧਾ ਬਾਬਾ ਨੌਧ ਸਿੰਘ ਵਿਖੇ 23 ਨੂੰ ਮਨਾਇਆ ਜਾਵੇਗਾ ਸਾਲਾਨਾ ਜੋੜ ਮੇਲਾ:ਜਥੇਦਾਰ ਬਾਬਾ ਜੋਗਾ ਸਿੰਘ

ਅੰਮ੍ਰਿਤਸਰ (ਲੋਕ ਬਾਣੀ) )ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪਹਿਲੇ ਮੁੱਖੀ ਧੰਨ ਧੰਨ ਬਾਬਾ ਦੀਪ ਸਿੰਘ ਜੀ ਅਤੇ ਧੰਨ ਧੰਨ ਬਾਬਾ ਨੌਧ ਸਿੰਘ ਜੀ ਸ਼ਹੀਦ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ 23 ਫਰਵਰੀ ਦਿਨ ਐਤਵਾਰ ਨੂੰ ਸਲਾਨਾ ਜੋੜ ਮੇਲਾ ਸਿੰਘ ਸਾਹਿਬ ਜੱਥੇਦਾਰ ਬਾਬਾ ਜੋਗਾ ਸਿੰਘ ਜੀ ਅਤੇ ਸੰਤ ਬਾਬਾ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ਼ ਅੰਨਦਪੁਰ ਸਾਹਿਬ ਦੀ ਰਹਿਨੁਮਾਈ ਹੇਠ ਅਤੇ ਸਮੂਹ ਸੰਗਤਾ ਦੇ ਸਹਿਯੋਗ ਸਦਕਾ ਗੁਰਦਆਰਾ ਸਮਾਧਾ ਬਾਬਾ ਨੋਧ ਸਿੰਘ ਜੀ ਪਿੰਡ ਚੱਬਾ ਤਰਨ ਤਾਰਨ ਰੋਡ ਅੰਮ੍ਰਿਤਸਰ ਵਿਖੇ ਬੜੀ ਸਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਾਣਕਾਰੀ ਦਿੰਦਿਆ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ 16ਵੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਜੀ ਨੇ ਦੱਸਿਆ ਕਿ 21 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 23 ਫਰਵਰੀ ਨੂੰ ਭੋਗ ਉਪਰੰਤ ਪੰਥ ਪ੍ਰਸਿੱਧ ਰਾਗੀ ਅਤੇ ਕਥਾ ਵਾਚਕ ਸੰਗਤਾ ਨੂੰ ਗੁਰਬਾਣੀ ਰਸ ਨਾਲ ਜੋੜਨਗੇ ਅਤੇ 23 ਫਰਵਰੀ ਨੂੰ ਦੁਪਹਿਰ 2 ਵਜੇ ਗੱਤਕੇ ਮੁਕਾਬਲੇ ਉਪਰੰਤ ਦਲ ਪੰਥ ਵਲੋ ਘੋੜ ਸਵਾਰੀ,ਨੇਜੇ ਬਾਜੀ ਦੇ ਜੋਹਰ ਵਿਖਾਏ ਜਾਣਗੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ॥

## ਮਿਸ ਕਿਰਨ ਜਯੋਤੀ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਵੱਲੋਂ ਬਿਰਧ ਆਸ਼ਰਮ ਦਾ ਦੌਰਾ ਕਰਕੇ ਬਜ਼ੁਰਗਾਂ ਦੀਆਂ ਸੁਣੀਆਂ ਮੁਸ਼ਕਿਲਾਂ



ਮੋਗਾ, (ਲੋਕ ਬਾਣੀ)
ਸ਼੍ਰੀ ਸਰਬਜੀਤ ਸਿੰਘ ਧਾਲੀਵਾਲ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਦੀ ਅਗਵਾਈ ਹੇਠ ਅਤੇ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਸ ਕਿਰਨ ਜਯੋਤੀ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਨੇ ਬਿਰਧ ਆਸ਼ਰਮ ਗੁਰਦੁਆਰਾ ਚੰਦ ਪੁਰਾਣਾ ਮੋਗਾ ਦਾ ਦੌਰਾ ਕਰਕੇ ਬਜ਼ੁਰਗਾਂ ਦੀਆਂ ਮੁਸ਼ਕਿਲਾਂ ਸੁਣੀਆਂ।
ਇਸ ਮੌਕੇ ਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਨੇ ਮੀਟਿੰਗ ਦੌਰਾਨ ਬਜ਼ੁਰਗਾਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਨੇ ਦੱਸਿਆ ਕਿ ਸੀਨੀਅਰ ਸਿਟੀਜ਼ਨ ਐਕਟ-2007 ਤਹਿਤ ਹਰੇਕ ਬਜ਼ੁਰਗ ਨੂੰ ਆਪਣੇ ਬੱਚਿਆਂ ਤੋਂ ਖਰਚਾ ਲੈਣ ਦਾ ਅਧਿਕਾਰ ਹੈ। ਉਨ੍ਹਾਂ ਦੱਸਿਆ ਕਿ ਬਜ਼ੁਰਗ ਸਿਰਫ਼ ਆਪਣੇ ਪੁੱਤਰਾਂ ਤੋਂ ਹੀ ਨਹੀਂ ਸਗੋਂ ਧੀਆਂ ਤੋਂ ਵੀ ਖ਼ਰਚਾ ਲੈਣ ਦੇ ਹੱਕਦਾਰ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜਿਹੜੇ ਬਜ਼ੁਰਗ ਆਪਣੀ ਜਾਇਦਾਦ ਆਪਣੇ ਬੱਚਿਆਂ ਦੇ ਨਾਂ ਤੇ ਟਰਾਂਸਫਰ ਕਰਵਾਉਂਦੇ ਹਨ,ਪਰ ਬਾਅਦ ਵਿੱਚ ਬੱਚੇ ਬਜ਼ੁਰਗਾਂ ਨੂੰ ਖਰਚਾ ਹੀ ਨਹੀਂ ਦਿੰਦੇ ਸਗੋਂ ਘਰੋਂ ਕੱਢ ਦਿੰਦੇ ਹਨ, ਅਜਿਹੇ ਚ ਬਜ਼ੁਰਗ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਨਾਲ ਸੰਪਰਕ ਕਰ ਸਕਦੇ ਹਨ ਅਤੇ ਉਹਨਾਂ ਦੀ ਜਾਇਦਾਦ ਨੂੰ ਮੁੜ ਪ੍ਰਾਪਤ ਕਰਨ ਲਈ ਮੁਫ਼ਤ ਕਾਨੂੰਨੀ ਸਹਾਇਤਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਵੱਲੋਂ ਹਰੇਕ ਬਜ਼ੁਰਗ ਵਿਅਕਤੀ/ਔਰਤ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ,ਜਿਸ ਵਿੱਚ ਵਕੀਲ ਦਾ ਸਾਰਾ ਖਰਚਾ ਅਤੇ ਕਾਗਜ਼ਾਤ ਅਥਾਰਟੀ ਵੱਲੋ ਦਿੱਤਾ ਜਾਂਦਾ ਹੈ। ਇਸ ਮੌਕੇ ਜੱਜ ਸਾਹਿਬ ਨੇ ਬਜ਼ੁਰਗਾਂ ਤੋਂ ਆਸ਼ਰਮ ਦੇ ਪ੍ਰਬੰਧਾਂ ਬਾਰੇ ਵੀ ਪੁੱਛਗਿੱਛ ਕੀਤੀ,ਜਿਸ ਦੇ ਬਜ਼ੁਰਗਾਂ ਵੱਲੋਂ ਤਸੱਲੀਬਖਸ਼ ਜਵਾਬ ਦਿੱਤੇ ਗਏ।

ਮਿਸ ਕਿਰਨ ਜਯੋਤੀ ਸੀ.ਜੇ.ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਬਜ਼ੁਰਗਾਂ ਨਾਲ ਗੱਲਬਾਤ ਕਰਦੇ ਹੋਏ।

## 15 ਫਰਵਰੀ ਨੂੰ ਕਲੇਰ ਕੰਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਣ ਮਹੁੱਲਾ ਭੀਮ ਨਗਰ ਵਿਖੇ ਕਰਨਗੇ ਗੁਣਗਾਨ



ਹੁਸ਼ਿਆਰਪੁਰ (ਲੋਕ ਬਾਣੀ)ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਦੇ ਪ੍ਰੈਜੀਡੈਂਟ ਲੰਬੜਦਾਰ ਰਣਜੀਤ ਸਿੰਘ ਰਾਣਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਹਰ ਸਾਲ ਦੀ ਤਰਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 648ਵਾ ਜਨਮ ਦਿਵਸ ਮਹੁੱਲਾ ਭੀਮ ਨਗਰ ਪੁਰਹੀਰਾਂ ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ । ਇਸ ਮੌਕੇ 12 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਭਵਨ ਮਹੁੱਲਾ ਭੀਮ ਨਗਰ ਵਿਖੇ ਨਿਸ਼ਾਨ ਸਾਹਿਬ ਚੜਾਇਆ ਜਾਵੇਗਾ ਤੇ 13 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਹਿਬ ਜੀ ਦਾ ਪਾਠ ਆਰੰਭ ਕੀਤਾ ਜਾਵੇਗਾ ਤੇ 15 ਫਰਵਰੀ ਨੂੰ ਭੋਗ ਪੈਣ ਉਪਰੰਤ ਭਾਈ ਸਤਨਾਮ ਸਿੰਘ ਜੀ ਹੁਸੈਨਪੁਰ ਵਾਲੇ ਕੀਰਤਨ ਨਾਲ ਸੰਗਤਾ ਨੂੰ ਨਿਹਾਲ ਕਰਨਗੇ । ਉਹਨਾ ਤੋ ਬਾਅਦ ਇੰਟਰਨੈਸ਼ਨਲ ਕਲਾਕਾਰ ਕੰਠ ਕਲੇਰ ਸ੍ਰੀ ਗੁਰੂ ਰਵਿਦਾਸ ਜੀ ਮਹਾਂਰਾਜ ਜੀ ਦੀ ਮਹਿਮਾ ਦਾ ਗੁਣਗਾਣ ਕਰਨਗੇ । ਉਹਨਾਂ ਦੱਸਿਆ ਕੀ ਇਸ ਮੌਕੇ ਗੁਰੂ ਕਾ ਲੰਗਰ ਅਤੁਟ ਵਰਤੇਗਾ । ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਮੁਹੱਲਾ ਭੀਮ ਨਗਰ ਵਲੋ ਸਭ ਸੰਗਤਾ ਹਾਜ਼ਰੀਆਂ ਭਰਨ ਲਈ ਅਪੀਲ ਕੀਤੀ ਗਈ । ਇਸ ਮੌਕੇ ਪ੍ਰੈਜੀਡੈਂਟ ਲੰਬੜਦਾਰ ਰਣਜੀਤ ਸਿੰਘ ਰਾਣਾ, ਚੇਅਰਮੈਂਨ ਦੇਸਰਾਜ, ਵਾਇਸ ਪ੍ਰੈਜੀਡੈਂਟ ਮੇਹਰ ਸਿੰਘ, ਸਕੱਤਰ ਜ਼ਸਪਾਲ, ਕੈਸ਼ੀਅਰ ਰਿਟਾਇਰਡ ਗਿਰਦਾਵਰ ਅਵਤਾਰ ਸਿੰਘ, ਪਰਮਜੀਤ ਇਟਲੀ, ਕੁਲਦੀਪ ਸਿੰਘ ਕਮਲਜੀਤ ਸਿੰਘ ਸੋਨੂੰ, ਮਨਦੀਪ ਕੁਮਾਰ ਜੇ.ਟੀ.ਓ, ਕੁਲਦੀਪ ਸਿੰਘ, ਕੁਲਵੰਤ ਸਿਘ, ਤਰਸੇਮ ਸੋਨੂੰ, ਅਮਰਜੀਤ ਬੱਬਲ, ਸੁਖਵਿੰਦਰ ਸਿੰਘ, ਸਾਗਰ ਤੇ ਨਿੱਕੀ ਵੀ ਹਾਜਰ ਸਨ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements In 2022 - 2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.*• Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bacheior of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565